@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 26 June 2026

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 26 ਜੂਨ 2026, 12 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 232, qpatrika@gmail.com ਫੋਨ : 9971359517 www.qaumipatrika.org

ਲੇਹ ਦੇ ਸਿੰਧੂ ਘਾਟ 'ਤੇ 30ਵੀਂ 'ਸਿੰਧੂ ਦਰਸ਼ਨ ਯਾਤਰਾ' ਤੇ 'ਪ੍ਰਥਮ ਸਿੰਧੂ ਕੁੰਭ 2026' ਦਾ ਆਗਾਜ਼

ਨੈਸ਼ਨਲ ਡੈਸਕ 25 ਜੂਨ। ਲੱਦਾਖ ਦੇ ਇਤਿਹਾਸਕ ਸਿੰਧੂ ਘਾਟ 'ਤੇ ਅੱਜ ਬਹੁਤ ਹੀ ਉਤਸ਼ਾਹ ਤੇ ਅਧਿਆਤਮਿਕ ਜੋਸ਼ ਨਾਲ 30ਵੀਂ 'ਸਿੰਧੂ ਦਰਸ਼ਨ ਯਾਤਰਾ' ਅਤੇ ਪਹਿਲੀ ਵਾਰ ਆਯੋਜਿਤ ਕੀਤੇ ਜਾ ਰਹੇ 'ਪ੍ਰਥਮ ਸਿੰਧੂ ਕੁੰਭ 2026' ਦੀ ਸ਼ੁਰੂਆਤ ਹੋਈ। ਇਸ ਮੌਕੇ ਵੱਖ-ਵੱਖ ਧਰਮਾਂ ਦੇ ਪ੍ਰਮੁੱਖ ਆਗੂਆਂ ਅਤੇ ਪਤਵੰਤਿਆਂ ਨੇ ਸ਼ਿਰਕਤ ਕੀਤੀ। ਇਸ ਉਦਘਾਟਨੀ ਸਮਾਰੋਹ ਵਿੱਚ ਲਦਾਖ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ, ਬੁੱਧ ਧਰਮ ਦੇ ਅਧਿਆਤਮਿਕ ਆਗੂ ਪਾਲਗਾ ਰਿਨਪੋਚੇ ਅਤੇ ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਤੋਂ ਇਲਾਵਾ ਪ੍ਰਸਿੱਧ ਅਧਿਆਤਮਿਕ ਗੁਰੂ ਸੁਆਮੀ ਅਵਧੇਸ਼ਾਨੰਦ ਗਿਰੀ ਜੀ ਮਹਾਰਾਜ, ਆਰ.ਐਸ.ਐਸ. ਆਗੂ ਡਾ. ਇੰਦਰੇਸ਼ ਕੁਮਾਰ ਅਤੇ ਕਈ ਹੋਰ ਉੱਘੀਆਂ ਸ਼ਖਸੀਅਤਾਂ ਨੇ ਵੀ ਆਪਣੀ ਹਾਜ਼ਰੀ ਲਵਾਈ। ਇਹ ਸਮਾਗਮ ਸਿੰਧੂ ਨਦੀ ਦੇ ਕਿਨਾਰੇ ਸ਼ਰਧਾਲੂਆਂ ਅਤੇ ਜਨਤਕ ਪ੍ਰਤੀਨਿਧੀਆਂ ਦੀ ਭਾਰੀ ਭੀੜ ਦੇ ਵਿਚਕਾਰ ਬੜੀ ਸ਼ਰਧਾ ਨਾਲ ਸ਼ੁਰੂ ਹੋਇਆ। ਸਿੰਧੂ ਦਰਸ਼ਨ ਯਾਤਰਾ ਦਾ 30ਵਾਂ ਐਡੀਸ਼ਨ ਤੇ ਪਹਿਲਾ ਸਿੰਧੂ ਕੁੰਭ ਖੇਤਰ ਵਿੱਚ ਸ਼ਾਂਤੀ ਅਤੇ ਅਧਿਆਤਮਿਕਤਾ ਦਾ ਸੰਦੇਸ਼ ਦੇਣ ਲਈ ਇੱਕ ਮਹੱਤਵਪੂਰਨ ਪੜਾਅ ਮੰਨਿਆ ਜਾ ਰਿਹਾ ਹੈ।

ਦਿੱਲੀ 'ਚ ਫੁੱਟਪਾਥ ਤੋਂ ਅਗਵਾ ਕਰ ਜਬਰ-ਜ਼ਨਾਹ ਮਗਰੋਂ ਕੁੜੀ ਦਾ ਕਤਲ, ਕੈਬ ਚਾਲਕ ਗ੍ਰਿਫ਼ਤਾਰ

ਨਵੀਂ ਦਿੱਲੀ 25 ਜੂਨ। ਦੱਖਣੀ ਦਿੱਲੀ ਦੇ ਮਹਿਰੌਲੀ ਇਲਾਕੇ 'ਚ ਪਰਿਵਾਰ ਨਾਲ ਫੁੱਟਪਾਥ 'ਤੇ ਸੁੱਤੀ ਪਈ 11 ਸਾਲਾ ਲੜਕੀ ਨੂੰ ਅਗਵਾ ਕਰ ਕੇ ਉਸ ਨਾਲ ਕਥਿਤ ਤੌਰ 'ਤੇ ਜਬਰ-ਜ਼ਨਾਹ ਕੀਤਾ ਗਿਆ ਤੇ ਫਿਰ ਉਸ ਦਾ ਕਤਲ ਕਰ ਦਿੱਤਾ ਗਿਆ। ਮੁਲਜ਼ਮ ਕੈਬ ਚਾਲਕ ਨੇ ਜੁਰਮ ਲੁਕਾਉਣ ਦੀ ਕੋਸ਼ਿਸ਼ 'ਚ ਲਾਸ਼ ਨੂੰ ਫਰੀਦਾਬਾਦ-ਗੁਰੂਗ੍ਰਾਮ ਰੋਡ ਕੰਢੇ ਜੰਗਲ 'ਚ ਸੁੱਟ ਦਿੱਤਾ। ਮਹਿਰੌਲੀ 'ਚ ਫੁੱਟਪਾਥ 'ਤੇ ਰਹਿਣ ਵਾਲੇ ਪਰਿਵਾਰ ਨੂੰ ਸੋਮਵਾਰ ਸਵੇਰੇ ਲੜਕੀ ਨਹੀਂ ਮਿਲੀ ਤਾਂ ਉਨ੍ਹਾਂ ਨੇ ਉਸ ਨੂੰ ਲੱਭਣਾ ਸ਼ੁਰੂ ਕੀਤਾ। ਅਗਵਾ ਦਾ ਸ਼ੱਕ ਹੋਣ 'ਤੇ ਪਰਿਵਾਰ ਵਾਲਿਆਂ ਨੇ ਪੁਲਸ ਨੂੰ ਸੂਚਿਤ ਕੀਤਾ। ਪੁਲਸ ਨੇ ਅਗਵਾ ਦਾ ਮਾਮਲਾ ਦਰਜ ਕਰ ਕੇ ਲੜਕੀ ਦੀ ਭਾਲ ਸ਼ੁਰੂ ਕੀਤੀ। ਸੀ. ਸੀ. ਟੀ. ਵੀ. ਦੀ ਫੁਟੇਜ ਦੀ ਜਾਂਚ ਦੌਰਾਨ ਕੈਬ ਚਾਲਕ ਬਾਰੇ ਪਤਾ ਲੱਗਾ। ਅਧਿਕਾਰੀ ਨੇ ਕਿਹਾ ਕਿ ਲੜਕੀ ਦਾ ਪਤਾ ਲਗਾਉਣ ਅਤੇ ਮੁਲਜ਼ਮ ਦੀ ਪਛਾਣ ਕਰਨ ਲਈ ਲੱਗਭਗ 20 ਟੀਮਾਂ ਬਣਾਈਆਂ ਗਈਆਂ। ਇਕ ਪੁਲਸ ਸੂਤਰ ਨੇ ਦੱਸਿਆ, "ਅਪਰਾਧ ਕਰਨ ਤੋਂ ਬਾਅਦ ਮੁਲਜ਼ਮ ਉਸੇ ਜਗਹਾ 'ਤੇ ਪਰਤ ਰਿਹਾ ਸੀ

ਭਗਵੰਤ ਮਾਨ ਨੇ ਕਿਹਾ—ਵਾਇਰਲ ਵੀਡੀਓ ਸਾਜ਼ਿਸ਼ ਦਾ ਹਿੱਸਾ, ਮੇਰੀ ਛਵੀ ਖਰਾਬ ਕਰਨ ਲਈ "ਮਾਸਕ" ਵਰਤਿਆ ਗਿਆ

ਕੌਮੀ ਪਤ੍ਰਿਕਾ
ਨਰੇਸ਼ ਮਲਹੋਤਰਾ

ਚੰਡੀਗੜ੍ਹ, 25 ਜੂਨ: ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਅੱਜ ਚੰਡੀਗੜ੍ਹ ਵਿੱਚ ਇੱਕ ਮਹੱਤਵਪੂਰਨ ਪ੍ਰੈਸ ਕਾਨਫਰੰਸ ਕਰਕੇ ਆਪਣੇ ਨਾਲ ਜੁੜੇ ਵਿਵਾਦਿਤ ਵਾਇਰਲ ਵੀਡੀਓ ਮਾਮਲੇ 'ਤੇ ਖੁੱਲ੍ਹ ਕੇ ਜਵਾਬ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਵਾਇਰਲ ਵੀਡੀਓ ਵਿੱਚ ਦਿਖਾਈ ਦੇ ਰਿਹਾ ਵਿਅਕਤੀ ਉਹ ਨਹੀਂ ਹਨ, ਸਗੋਂ ਉਨ੍ਹਾਂ ਦੇ ਚਿਹਰੇ ਵਰਗਾ ਮਾਸਕ ਪਹਿਨਾ ਕੇ ਕਿਸੇ ਹੋਰ ਵਿਅਕਤੀ ਨੂੰ ਦਿਖਾਇਆ ਗਿਆ ਹੈ, ਤਾਂ ਜੋ ਉਨ੍ਹਾਂ ਦੀ ਛਵੀ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ ਅਤੇ ਰਾਜਨੀਤਿਕ ਤੌਰ 'ਤੇ ਬਦਨਾਮ ਕੀਤਾ ਜਾ ਸਕੇ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਗਵੰਤ ਮਾਨ ਨੇ ਦਾਅਵਾ ਕੀਤਾ ਕਿ ਇਹ ਸਾਰਾ ਮਾਮਲਾ ਇੱਕ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਤੇ ਉਨ੍ਹਾਂ ਦੀ ਨਿੱਜੀ ਸਾਖ਼ ਨੂੰ ਢਾਹੁਣ ਲਈ ਵਿਰੋਧੀ ਧਿਰ ਵੱਲੋਂ ਇਸ ਵੀਡੀਓ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਮਾਨ ਦੇ ਮੁਤਾਬਕ, ਸੱਚਾਈ ਸਾਹਮਣੇ ਆਉਣ 'ਤੇ ਇਹ ਸਪਸ਼ਟ ਹੋ ਜਾਵੇਗਾ ਕਿ ਵੀਡੀਓ ਵਿੱਚ ਦਿਖਾਇਆ ਗਿਆ ਵਿਅਕਤੀ ਉਹ ਨਹੀਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਰਾਜਨੀਤੀ ਨੂੰ ਅਸਥਿਰ ਕਰਨ, ਲੋਕਾਂ ਵਿੱਚ ਭਰਮ ਪੈਦਾ ਕਰਨ ਅਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਲਈ ਇਹ ਵਿਵਾਦ ਖੜ੍ਹਾ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਪ੍ਰੈਸ ਕਾਨਫਰੰਸ ਵਿੱਚ ਇਹ ਵੀ ਕਿਹਾ

ਚੰਡੀਗੜ੍ਹ ਵਿੱਚ ਪੰਜਾਬ ਦੇ ਮੁੱਖ ਮੰਤਰੀ ਦੀ ਪ੍ਰੈਸ ਕਾਨਫਰੰਸ; ਕਿਹਾਅਕਾਲ ਤਖ਼ਤ ਸਾਹਿਬ ਅੱਗੇ ਵੀ ਸਬੂਤ ਰੱਖਣ ਲਈ ਤਿਆਰ ਹਾਂ

ਕਿ ਉਹ ਵੀਡੀਓ, ਉਸ ਨਾਲ ਜੁੜੇ ਤਥਾਕਥਿਤ ਸਬੂਤ ਅਤੇ "ਮਾਸਕ"ਸੰਬੰਧੀ ਸਮੱਗਰੀ ਨੂੰ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਜੇ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ ਨੂੰ ਬੁਲਾਇਆ ਜਾਂਦਾ ਹੈ ਤਾਂ ਉਹ ਬਿਨਾਂ ਕਿਸੇ ਹਿਚਕਿਚਾਹਟ ਦੇ ਹਾਜ਼ਰ ਹੋਣਗੇ। ਭਗਵੰਤ ਮਾਨ ਨੇ ਕਿਹਾ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਤੇ ਅਧਿਕਾਰ ਦਾ ਪੂਰਾ ਸਤਿਕਾਰ ਕਰਦੇ ਹਨ ਅਤੇ ਆਪਣਾ ਪੱਖ ਉਥੇ ਵੀ ਰੱਖਣ ਲਈ ਤਿਆਰ ਹਨ। ਪ੍ਰੈਸ ਕਾਨਫਰੰਸ

ਦੌਰਾਨ ਭਗਵੰਤ ਮਾਨ ਨੇ ਫੋਰੈਂਸਿਕ ਜਾਂਚ ਨਾਲ ਜੁੜੇ ਮਾਮਲੇ 'ਤੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਨਾਲ ਜੁੜੇ ਲੈਬ ਮਾਲਕਾਂ ਜਾਂ ਫੋਰੈਂਸਿਕ ਪ੍ਰਕਿਰਿਆ ਨਾਲ ਸੰਬੰਧਤ ਲੋਕਾਂ 'ਤੇ ਦਬਾਅ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਡਰਾਇਆ-ਧਮਕਾਇਆ ਗਿਆ। ਮੁੱਖ ਮੰਤਰੀ ਦੇ ਅਨੁਸਾਰ, ਕੁਝ ਲੋਕਾਂ ਤੋਂ ਇਹ ਕਹਿਣ ਲਈ ਦਬਾਅ ਬਣਾਇਆ ਗਿਆ ਕਿ ਰਿਪੋਰਟ ਪੈਸੇ ਲੈ ਕੇ ਤਿਆਰ ਕੀਤੀ ਗਈ ਸੀ। ਮਾਨ ਨੇ ਇਸਨੂੰ ਆਪਣੇ ਖ਼ਿਲਾਫ਼ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਦੱਸਦਿਆਂ ਕਿਹਾ ਕਿ ਝੂਠੇ ਵਿਵਾਦ ਨੂੰ ਸੱਚ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਮਾਮਲਾ ਹੁਣ ਸਿਰਫ਼ ਇੱਕ ਵਾਇਰਲ ਵੀਡੀਓ ਤੱਕ ਸੀਮਿਤ ਨਹੀਂ ਰਿਹਾ, ਸਗੋਂ ਇਸਨੂੰ ਪੰਜਾਬ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਅਤੇ ਸਰਕਾਰ ਨੂੰ ਘੇਰਨ ਦੇ ਇੱਕ ਵੱਡੇ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ ਹਮੇਸ਼ਾ ਧਾਰਮਿਕ ਸਥਾਨਾਂ ਅਤੇ ਲੋਕ ਭਾਵਨਾਵਾਂ ਦਾ ਆਦਰ ਕੀਤਾ ਹੈ, ਇਸ ਲਈ ਉਨ੍ਹਾਂ 'ਤੇ ਲਗਾਏ ਜਾ ਰਹੇ ਦੋਸ਼ ਬਿਲਕੁਲ ਬੇਬੁਨਿਆਦ ਹਨ। ਮੁੱਖ ਮੰਤਰੀ ਨੇ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਦੋਂ ਪੰਜਾਬ ਸਰਕਾਰ ਲੋਕ-ਹਿੱਤ ਵਿੱਚ ਕੰਮ ਕਰ ਰਹੀ ਹੈ, ਵਿਕਾਸ ਅਤੇ ਭਲਾਈ ਦੀਆਂ ਨੀਤੀਆਂ ਲਾਗੂ ਕਰ ਰਹੀ ਹੈ।

Contd.....page-3

ਤਰੁਣ ਚੁੱਘ ਨੇ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੀ ਮੌਤ 'ਚ ਸ਼ੇਖ ਅਬਦੁੱਲਾ ਦੀ ਭੂਮਿਕਾ 'ਤੇ ਚੁੱਕੇ ਸਵਾਲ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਸ਼ਰੀਨਗਰ 25 ਜੂਨ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਮਹਾਮੰਤਰੀ ਅਤੇ ਰਾਜ ਸਭਾ ਮੈਂਬਰ ਤਰੁਣ ਚੁੱਘ, ਜੋ ਜੰਮੂ-ਕਸ਼ਮੀਰ ਦੇ ਪਾਰਟੀ ਇੰਚਾਰਜ ਵੀ ਹਨ, ਨੇ ਅੱਜ ਜਨਸੰਘ (ਮੌਜੂਦਾ ਭਾਜਪਾ) ਦੇ ਸੰਸਥਾਪਕ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਦੇਸ਼ ਦੀ ਰਾਸ਼ਟਰੀ ਏਕਤਾ ਅਤੇ ਅਖੰਡਤਾ ਲਈ ਆਪਣਾ ਸਰਵਉੱਚ ਬਲੀਦਾਨ ਦਿੱਤਾ। ਡਾ. ਮੁਖਰਜੀ ਦੇ ਬਲੀਦਾਨ ਨੂੰ ਯਾਦ ਕਰਦਿਆਂ ਚੁੱਘ ਨੇ ਉਸ ਸਮੇਂ ਦੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਸ਼ੇਖ ਅਬਦੁੱਲਾ ਦੀ ਭੂਮਿਕਾ 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਡਾ. ਮੁਖਰਜੀ ਨੂੰ ਜੰਮੂ-ਕਸ਼ਮੀਰ 'ਚ ਬਿਨਾਂ ਇਜਾਜ਼ਤ ਦਾਖ਼ਲ ਹੋਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਬਾਅਦ 'ਚ ਸ਼ੱਕੀ ਹਾਲਤ 'ਚ ਉਨ੍ਹਾਂ ਦੀ ਮੌਤ ਹੋ ਗਈ। ਚੁੱਘ ਨੇ ਕਿਹਾ ਕਿ ਡਾ. ਮੁਖਰਜੀ ਸਮਾਵੇਸ਼ੀ ਅਤੇ ਏਕੀਕ੍ਰਿਤ ਭਾਰਤ ਦੀ ਰਾਸ਼ਟਰੀ ਭਾਵਨਾ ਦੇ ਪ੍ਰਤੀਕ ਸਨ, ਜਦਕਿ ਉਨ੍ਹਾਂ ਦੇ ਅਨੁਸਾਰ ਸ਼ੇਖ ਅਬਦੁੱਲਾ ਉਸ ਸਮੇਂ ਵੱਖਰੀ ਰਾਜਨੀਤਿਕ ਵਿਵਸਥਾ ਬਣਾਉਣ ਦੀ

ਕੋਸ਼ਿਸ਼ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਡਾ. ਮੁਖਰਜੀ ਜੰਮੂ-ਕਸ਼ਮੀਰ ਲਈ ਵੱਖਰੇ ਸੰਵਿਧਾਨ, ਵੱਖਰੇ ਝੰਡੇ ਅਤੇ ਵੱਖਰੀ ਰਾਜਨੀਤਿਕ ਪ੍ਰਣਾਲੀ ਦੇ ਵਿਰੋਧੀ ਸਨ, ਜਿਸ ਨੂੰ ਉਸ ਵੇਲੇ ਧਾਰਾ 370 ਅਧੀਨ ਲਾਗੂ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਚੁੱਘ ਨੇ ਕਿਹਾ ਕਿ ਉਨ੍ਹਾਂ ਦੀ ਮੌਤ ਦੀ ਕੋਈ ਸੁਤੰਤਰ ਜਾਂ ਨਿਰਪੱਖ ਜਾਂਚ ਨਾ ਹੋਣਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਇਸ ਘਟਨਾ ਦੇ ਕਈ ਪਹਿਲੂ ਅੱਜ ਤੱਕ ਸਾਹਮਣੇ ਨਹੀਂ ਆ ਸਕੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਧਾਰਾ 370 ਹਟਾ ਕੇ ਜੰਮੂ-ਕਸ਼ਮੀਰ ਨੂੰ ਦੇਸ਼ ਦੀ ਮੁੱਖ ਧਾਰਾ ਨਾਲ ਜੋੜਨ ਅਤੇ ਵਿਕਾਸ ਦੀ ਨਵੀਂ ਦਿਸ਼ਾ ਦੇਣ ਲਈ ਇਤਿਹਾਸਕ ਕਦਮ ਚੁੱਕੇ ਹਨ। ਚੁੱਘ ਨੇ ਅਬਦੁੱਲਾ ਪਰਿਵਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਲੰਬੇ ਸਮੇਂ ਤੱਕ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕਾਂ ਅਤੇ ਆਰਥਿਕ ਤਰੱਕੀ ਤੋਂ ਵਾਂਝਾ ਰੱਖਿਆ। ਇਸ ਮੌਕੇ 'ਤੇ ਭਾਜਪਾ ਦੀ ਰਾਸ਼ਟਰੀ ਕਾਰਜਕਾਰਣੀ ਦੇ ਮੈਂਬਰ ਅਤੇ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਰਿਸਰਚ ਫਾਊਂਡੇਸ਼ਨ ਦੇ ਚੇਅਰਮੈਨ ਡਾ. ਅਨਿਰਬਾਨ ਗਾਂਗੁਲੀ ਨੇ ਰਾਸ਼ਟਰ ਨਿਰਮਾਣ 'ਚ ਡਾ. ਮੁਖਰਜੀ ਦੇ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਸਾਲ ਡਾ. ਮੁਖਰਜੀ ਦੀ 125ਵੀਂ ਜਨਮ ਜਯੰਤੀ ਮਨਾਈ ਜਾ ਰਹੀ ਹੈ ਅਤੇ ਉਨ੍ਹਾਂ ਦੇ ਜਨਮ ਸਥਾਨ ਪੱਛਮੀ ਬੰਗਾਲ 'ਚ ਲੰਬੇ ਸੰਘਰਸ਼ ਤੋਂ ਬਾਅਦ ਭਾਜਪਾ ਸੱਤਾ 'ਚ ਆਈ ਹੈ। ਉਨ੍ਹਾਂ ਕਿਹਾ ਕਿ ਡਾ. ਮੁਖਰਜੀ ਦਾ "ਇਕ ਦੇਸ਼, ਇਕ ਸੰਵਿਧਾਨ"ਦਾ ਸੁਪਨਾ ਪ੍ਰਧਾਨ ਮੰਤਰੀ ਮੋਦੀ ਦੇ "ਏਕ ਭਾਰਤ, ਸ਼੍ਰੇਸ਼ਠ ਭਾਰਤ"ਦੇ ਵਿਜ਼ਨ ਰਾਹੀਂ ਸਾਕਾਰ ਹੋਇਆ ਹੈ। ਜੰਮੂ-ਕਸ਼ਮੀਰ ਭਾਜਪਾ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸਤ ਸ਼ਰਮਾ ਨੇ ਲੋਕਾਂ 'ਚ ਰਾਸ਼ਟਰੀ ਭਾਵਨਾਵਾਂ ਨੂੰ ਦੁਬਾਰਾ ਮਜ਼ਬੂਤ ਕਰਨ ਦਾ ਅਪੀਲ ਕੀਤਾ। ਇਸ ਮੌਕੇ 'ਤੇ ਭਾਜਪਾ ਦੇ ਸੂਬਾ ਮਹਾਮੰਤਰੀ ਮੁਹੰਮਦ ਅਨਵਰ ਖਾਨ, ਪ੍ਰਦੇਸ਼ ਬੁਲਾਰੇ ਮਨਜ਼ੂਰ ਭੱਟ, ਸੂਬਾ ਸਕੱਤਰ ਆਰਿਫ ਰਾਜਾ, ਮੁਦੱਸਿਰ ਵਾਨੀ, ਅਲਤਾਫ ਠਾਕੁਰ ਅਤੇ ਬਿਲਾਲ ਪਰਰੇ ਵੀ ਮੌਜੂਦ ਰਹੇ।

ਜੰਗ ਦੀਆਂ ਧਮਕੀਆਂ ਨਾਲ PoK ਦੀਆਂ ਨਾਕਾਮੀਆਂ ਨਹੀਂ ਲੁਕਣਗੀਆਂ ! ਭਾਰਤ ਦਾ ਪਾਕਿ ਨੂੰ ਕਰਾਰਾ ਜਵਾਬ

ਕੌਮੀ ਪਤ੍ਰਿਕਾ

ਨਵੀਂ ਦਿੱਲੀ 25 ਜੂਨ। ਭਾਰਤ ਨੇ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਵੱਲੋਂ ਦਿੱਤੀ ਗਈ ਜੰਗ ਦੀ ਚੇਤਾਵਨੀ 'ਤੇ ਮੰਗਲਵਾਰ ਨੂੰ ਬਹੁਤ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਪਾਕਿਸਤਾਨ ਆਪਣੀਆਂ ਅੰਦਰੂਨੀ ਨਾਕਾਮੀਆਂ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਗੰਭੀਰ ਉਲੰਘਣਾਵਾਂ ਤੋਂ ਦੁਨੀਆ ਦਾ ਧਿਆਨ ਹਟਾਉਣ ਲਈ ਅਜਿਹੀ ਭੜਕਾਊ ਬਿਆਨਬਾਜ਼ੀ ਕਰ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਪ੍ਰੈਸ ਬ੍ਰੀਫਿੰਗ ਦੌਰਾਨ ਕਿਹਾ ਕਿ ਪਾਕਿਸਤਾਨੀ ਮੰਤਰੀ ਦੀਆਂ ਟਿੱਪਣੀਆਂ ਆਪਣੀਆਂ ਅਸਫਲਤਾਵਾਂ ਨੂੰ ਛੁਪਾਉਣ ਦੀ ਇੱਕ ਹਤਾਸ਼ ਕੋਸ਼ਿਸ਼ ਹਨ। ਉਨ੍ਹਾਂ ਨੇ ਪਾਕਿਸਤਾਨ ਦੇ ਇਨ੍ਹਾਂ ਮਨਗੜ੍ਹਤ ਦਾਅਵਿਆਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਭਾਰਤ ਨੇ PoK ਵਿੱਚ ਜਾਰੀ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਅਤੇ ਉੱਥੋਂ ਦੇ ਨਾਗਰਿਕਾਂ 'ਤੇ ਕੀਤੇ ਜਾ ਰਹੇ ਪ੍ਰਸ਼ਾਸਨਿਕ ਦਮਨ ਦਾ ਮੁੱਦਾ ਵੀ ਜ਼ੋਰਦਾਰ ਢੰਗ ਨਾਲ ਉਠਾਇਆ। ਰਣਧੀਰ ਜੈਸਵਾਲ ਅਨੁਸਾਰ, PoK ਵਿੱਚ ਮੌਜੂਦਾ ਅਸ਼ਾਂਤੀ ਪਾਕਿਸਤਾਨ ਦੀਆਂ ਦਹਾਕਿਆਂ ਪੁਰਾਣੀਆਂ ਨੀਤੀਆਂ ਦਾ ਨਤੀਜਾ ਹੈ, ਜਿਸ ਵਿੱਚ ਲੋਕਾਂ ਦਾ ਆਰਥਿਕ ਸ਼ੋਸ਼ਣ ਕਰਨਾ ਅਤੇ ਉਨ੍ਹਾਂ ਨੂੰ ਮੌਲਿਕ ਅਧਿਕਾਰਾਂ ਤੋਂ ਵਾਂਝਾ ਰੱਖਣਾ ਸ਼ਾਮਲ ਹੈ। ਭਾਰਤ ਨੇ ਦੋਸ਼ ਲਾਇਆ ਕਿ ਪਾਕਿਸਤਾਨ ਸਰਕਾਰ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਕਈ ਹੱਥਕੰਡੇ ਅਪਣਾ ਰਹੀ ਹੈ, ਜਿਵੇਂ ਜ਼ਰੂਰੀ ਵਸਤਾਂ ਅਤੇ ਦਵਾਈਆਂ ਦੀ ਸਪਲਾਈ

ਰੋਕਣਾ, ਇੰਟਰਨੈੱਟ ਸੇਵਾਵਾਂ ਨੂੰ ਬੰਦ ਕਰਨਾ ਤੇ ਨਿਹੱਥੇ ਨਾਗਰਿਕਾਂ

ਵਿਦੇਸ਼ ਰਹਿੰਦੇ ਪਰਿਵਾਰ ਦੇ ਘਰ ਨੂੰ ਚੋਰਾਂ ਨੇ ਬਣਾਇਆ ਨਿਸ਼ਾਨਾ; ਨਕਦੀ ਤੇ ਗਹਿਣੇ ਲੈ ਕੇ ਫਰਾਰ

ਕੌਮੀ ਪਤ੍ਰਿਕਾ

ਮਹਿਲ ਕਲਾਂ 25 ਜੂਨ। ਵਿਧਾਨ ਸਭਾ ਹਲਕਾ ਮਹਿਲ ਕਲਾਂ ਅਧੀਨ ਪੈਂਦੇ ਪਿੰਡ ਵਜੀਦਕੇ ਖੁਰਦ 'ਚ ਮੰਗਲਵਾਰ ਦੀ ਦੇਰ ਰਾਤ ਅਣਪਛਾਤੇ ਚੋਰਾਂ ਵੱਲੋਂ ਇਕ ਵਿਦੇਸ਼ ਰਹਿੰਦੇ ਪਰਿਵਾਰ ਦੇ ਘਰ ਨੂੰ ਨਿਸ਼ਾਨਾ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਚੋਰਾਂ ਨੇ ਬੇਖੌਫ ਹੋ ਕੇ ਘਰ ਦੀ ਪਿਛਲੀ ਬਾਰੀ ਤੋੜ ਕੇ ਅੰਦਰ ਦਾਖਲ ਹੋ ਕੇ ਅਲਮਾਰੀਆਂ ਅਤੇ ਹੋਰ ਸਾਮਾਨ ਦੀ ਫਰੋਲ-ਫਰਾਲੀ ਕੀਤੀ ਅਤੇ ਕਰੀਬ 40 ਹਜ਼ਾਰ ਰੁਪਏ ਦੀ ਨਕਦੀ ਤੇ ਚਾਂਦੀ ਦੇ ਕੀਮਤੀ ਗਹਿਣੇ ਚੋਰੀ ਕਰ ਕੇ ਫਰਾਰ ਹੋ ਗਏ। ਇਸ ਘਟਨਾ ਨੇ ਨਾ ਸਿਰਫ ਪੀੜਤ ਪਰਿਵਾਰ ਨੂੰ ਆਰਥਿਕ ਨੁਕਸਾਨ ਪਹੁੰਚਾਇਆ ਹੈ, ਸਗੋਂ ਪੂਰੇ ਇਲਾਕੇ 'ਚ ਸੁਰੱਖਿਆ ਪ੍ਰਬੰਧਾਂ ਸਬੰਧੀ ਸਵਾਲ ਖੜ੍ਹੇ ਕਰ ਦਿੱਤੇ ਹਨ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਜਗਜੀਵਨ ਕੌਰ ਨੇ ਦੱਸਿਆ ਕਿ ਉਸ ਦੀ ਭੈਣ ਧਰਮਿੰਦਰ ਕੌਰ ਪੁੱਤਰੀ ਸੇਵਾ ਸਿੰਘ ਵਾਸੀ ਵਜੀਦਕੇ ਖੁਰਦ ਆਪਣੇ ਪਰਿਵਾਰ ਸਮੇਤ ਕਈ ਸਾਲਾਂ ਤੋਂ ਵਿਦੇਸ਼ 'ਚ ਰਹਿ ਰਹੀ ਹੈ। ਗਰਮੀਆਂ ਦੀਆਂ ਛੁੱਟੀਆਂ ਕਾਰਨ ਉਹ 2 ਜੂਨ ਨੂੰ ਆਪਣੇ ਬੱਚਿਆਂ ਸਮੇਤ ਭੈਣ ਦੇ ਘਰ ਦੀ ਦੇਖਭਾਲ ਲਈ ਆਈ ਹੋਈ ਸੀ। ਮੰਗਲਵਾਰ ਰਾਤ ਜਦੋਂ ਪਰਿਵਾਰਕ ਮੈਂਬਰ ਘਰ 'ਚ ਸੁੱਤੇ ਹੋਏ ਸਨ ਤਾਂ ਅਣਪਛਾਤੇ ਚੋਰਾਂ ਨੇ ਮੌਕਾ ਤਾੜ ਕੇ ਕੋਠੀ ਦੇ ਪਿਛਲੇ ਪਾਸੇ ਲੱਗੀ ਖਿੜਕੀ ਨੂੰ ਤੋੜਿਆ ਅਤੇ ਘਰ ਅੰਦਰ ਦਾਖਲ ਹੋ ਗਏ। ਉਨ੍ਹਾਂ ਦੱਸਿਆ ਕਿ ਚੋਰਾਂ ਨੇ ਘਰ ਅੰਦਰ ਦਾਖਲ ਹੁੰਦਿਆਂ ਹੀ ਵੱਖ-ਵੱਖ ਕਮਰਿਆਂ 'ਚ ਪਈਆਂ ਅਲਮਾਰੀਆਂ ਤੇ ਸੰਦੂਕਾਂ ਦੀ ਤਲਾਸ਼ੀ ਲਈ। ਚੋਰਾਂ ਨੇ ਅਲਮਾਰੀਆਂ ਦਾ ਸਾਰਾ ਸਾਮਾਨ ਬਾਹਰ ਕੱਢ ਕੇ ਕਮਰਿਆਂ 'ਚ ਖਿਲਾਰ ਦਿੱਤਾ ਅਤੇ ਨਕਦੀ ਤੇ ਕੀਮਤੀ ਗਹਿਣਿਆਂ ਦੀ ਭਾਲ ਕੀਤੀ। ਫਰੋਲ-ਫਰਾਲੀ ਦੌਰਾਨ ਚੋਰ ਕਰੀਬ 40 ਹਜ਼ਾਰ ਰੁਪਏ ਦੀ ਨਕਦੀ ਤੇ ਚਾਂਦੀ ਦੇ ਗਹਿਣੇ

ਆਪਣੇ ਨਾਲ ਲੈ ਗਏ। ਸਵੇਰੇ ਜਦੋਂ ਪਰਿਵਾਰਕ ਮੈਂਬਰ ਜਾਗੇ ਤਾਂ ਘਰ ਦਾ ਸਾਰਾ ਸਾਮਾਨ ਖਿਲਰਿਆ ਪਿਆ ਦੇਖ ਕੇ ਉਨ੍ਹਾਂ ਦੇ ਹੋਸ਼ ਉੱਡ ਗਏ। ਘਟਨਾ ਦੀ ਸੂਚਨਾ ਤੁਰੰਤ ਗ੍ਰਾਮ ਪੰਚਾਇਤ ਅਤੇ ਥਾਣਾ ਠੁੱਲੀਵਾਲ ਪੁਲਸ ਨੂੰ ਦਿੱਤੀ ਗਈ। ਸੂਚਨਾ ਮਿਲਦਿਆਂ ਹੀ ਥਾਣਾ ਠੁੱਲੀਵਾਲ ਦੇ ਏ. ਐੱਸ. ਆਈ. ਗੁਰਨਾਮ ਸਿੰਘ ਚੁਹਾਣਕੇ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਅਤੇ ਘਟਨਾ ਸਥਾਨ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਪੁਲਸ ਵੱਲੋਂ ਘਰ ਦੇ ਆਲੇ-ਦੁਆਲੇ ਦੇ ਇਲਾਕੇ ਦੀ ਜਾਂਚ ਕੀਤੀ ਗਈ ਅਤੇ ਘਟਨਾ ਨਾਲ ਸਬੰਧਤ ਸਬੂਤ ਇਕੱਠੇ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਚੋਰਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਜਲਦ ਕਾਬੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਇਸ ਘਟਨਾ ਤੋਂ ਬਾਅਦ ਪਿੰਡ ਵਾਸੀਆਂ 'ਚ ਭਾਰੀ ਰੋਸ ਅਤੇ ਚਿੰਤਾ ਪਾਈ ਜਾ ਰਹੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਇਲਾਕੇ 'ਚ ਚੋਰੀ ਦੀਆਂ ਵਾਰਦਾਤਾਂ ਕਾਰਨ ਲੋਕਾਂ 'ਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹੀਆਂ ਘਟਨਾਵਾਂ 'ਤੇ ਸਮੇਂ ਸਿਰ ਕਾਬੂ ਨਾ ਪਾਇਆ ਗਿਆ ਤਾਂ ਲੋਕਾਂ ਦੀ ਸੁਰੱਖਿਆ ਨੂੰ ਗੰਭੀਰ ਖਤਰਾ ਪੈਦਾ ਹੋ ਸਕਦਾ ਹੈ। ਪਿੰਡ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਚੋਰੀ ਦੀ ਘਟਨਾ ਨੂੰ ਤੁਰੰਤ ਟਰੇਸ ਕਰ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਇਲਾਕੇ 'ਚ ਰਾਤ ਸਮੇਂ ਪੁਲਸ ਗਸ਼ਤ ਵਧਾਈ ਜਾਵੇ, ਤਾਂ ਜੋ ਭਵਿੱਖ 'ਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਰਹਿੰਦੇ ਪਰਿਵਾਰਾਂ ਦੇ ਘਰ ਅਕਸਰ ਚੋਰਾਂ ਦੇ ਨਿਸ਼ਾਨੇ 'ਤੇ ਰਹਿੰਦੇ ਹਨ, ਇਸ ਲਈ ਪੁਲਸ ਨੂੰ ਅਜਿਹੇ ਘਰਾਂ ਦੀ ਸੁਰੱਖਿਆ ਲਈ ਵੀ ਵਿਸ਼ੇਸ਼ ਪ੍ਰਬੰਧ ਕਰਨੇ ਚਾਹੀਦੇ ਹਨ। ਪਿੰਡ ਵਜੀਦਕੇ ਖੁਰਦ 'ਚ ਵਾਪਰੀ ਇਸ ਚੋਰੀ ਦੀ ਘਟਨਾ ਨੇ ਇਕ ਵਾਰ ਫਿਰ ਪੇਂਡੂ ਖੇਤਰਾਂ 'ਚ ਸੁਰੱਖਿਆ ਪ੍ਰਬੰਧਾਂ ਸਬੰਧੀ ਚਰਚਾ ਛੇੜ ਦਿੱਤੀ ਹੈ ਅਤੇ ਲੋਕ ਹੁਣ ਪੁਲਸ ਦੀ ਕਾਰਵਾਈ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ।

ਨਸ਼ਾ ਸਮੱਗਲਰ ਦੀ .ਗੈਰ-ਕਾਨੂੰਨੀ ਇਮਾਰਤ 'ਤੇ ਚੱਲਿਆ ਬੁਲਡੋਜ਼ਰ

ਕੌਮੀ ਪਤ੍ਰਿਕਾ

ਮਲੋਟ 25 ਜੂਨ। ਅੱਜ ਮਲੋਟ ਦੇ ਪਿੰਡ ਅਬੁਲ ਖੁਰਾਣਾ 'ਚ ਇਕ ਨਸ਼ਾ ਸਮੱਗਲਰ ਵੱਲੋਂ ਬਣਾਈ ਗਈ ਗੈਰ-ਕਾਨੂੰਨੀ ਇਮਾਰਤ ਨੂੰ ਜ਼ਿਲਾ ਪ੍ਰਸ਼ਾਸਨ ਨੇ ਪੁਲਸ ਦੀ ਮਦਦ ਨਾਲ ਢਾਹ ਦਿੱਤਾ। ਪ੍ਰਾਪਤ ਜਾਣਕਾਰੀ ਮੁਤਾਬਕ ਥਾਣਾ ਸਿਟੀ ਮਲੋਟ ਅਧੀਨ ਪੈਂਦੇ ਪਿੰਡ ਅਬੁਲ ਖੁਰਾਨਾ ਦੇ ਰਹਿਣ ਵਾਲੇ ਸ਼ਵਿੰਦਰ ਸਿੰਘ ਉਰਫ਼ ਕਿੰਦੂ ਪੁੱਤਰ ਜਰਨੈਲ ਸਿੰਘ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਇਮਾਰਤ ਬਣਾਈ ਗਈ ਸੀ। ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਮਰੱਥ ਅਥਾਰਟੀ ਤੋਂ ਪ੍ਰਾਪਤ ਹਦਾਇਤਾਂ ਦੇ ਆਧਾਰ 'ਤੇ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਪੁਲਸ ਦੇ ਸਹਿਯੋਗ ਨਾਲ ਇਹ ਕਾਰਵਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਪੂਰੀ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਦਿਆਂ ਗੈਰ-ਕਾਨੂੰਨੀ ਇਮਾਰਤ ਨੂੰ ਢਾਹ ਦਿੱਤਾ ਗਿਆ। ਇਸ ਮੌਕੇ ਐੱਸ. ਪੀ. (ਡੀ) ਮਨਮੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਸ਼ਵਿੰਦਰ ਸਿੰਘ ਉਰਫ਼ ਕਿੰਦੂ ਖ਼?ਲਾਫ ਨਸ਼ਾ ਸਮੱਗਲਿੰਗ ਨਾਲ ਸਬੰਧਤ ਪੰਜ ਮੁਕੱਦਮੇ ਦਰਜ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਨਸ਼ੇ ਦੇ ਧੰਦੇ ਰਾਹੀਂ ਜਾਇਦਾਦ ਬਣਾਉਣ ਵਾਲੇ ਵਿਅਕਤੀਆਂ ਦੀਆਂ ਜਾਇਦਾਦਾਂ ਸਮਰੱਥ ਅਥਾਰਟੀ ਰਾਹੀਂ ਅਟੈਚ ਕਰਵਾਈਆਂ ਜਾਣਗੀਆਂ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਨਿਡਰ ਹੋ

ਕੇ ਪੁਲਸ ਨੂੰ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਵਿਅਕਤੀ ਦੀ ਪਛਾਣ ਗੁਪਤ ਰੱਖਦਿਆਂ ਮੁਲਜ਼ਮਾਂ ਖ਼?ਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕਾਰਵਾਈ ਦੌਰਾਨ ਡੀ. ਐੱਸ. ਪੀ. ਰਸ਼ਪਾਲ ਸਿੰਘ, ਡੀ. ਐੱਸ. ਪੀ. ਮਲੋਟ ਜਸਪਾਲ ਸਿੰਘ, ਡੀ. ਐੱਸ. ਪੀ. ਐੱਨ. ਡੀ. ਪੀ. ਐੱਸ. ਪ੍ਰਦੀਪ ਸਿੰਘ, ਥਾਣਾ ਸਿਟੀ ਮਲੋਟ ਦੇ ਮੁੱਖ ਅਫ਼ਸਰ ਇੰਸਪੈਕਟਰ ਵਰੁਣ, ਬੀ. ਡੀ. ਪੀ. ਓ. ਮਲੋਟ ਅਤੇ ਸਿਵਲ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਰਾਜ਼ੀਨਾਮਾ ਕਰਨ ਆਏ ਪਤੀ-ਪਤਨੀ ਦੇ ਰਿਸ਼ਤੇਦਾਰਾਂ ਵਿਚਾਲੇ ਹੱਥੋਪਾਈ

ਲੁਧਿਆਣਾ 25 ਜੂਨ। ਥਾਣਾ ਸਲੇਮ ਟਾਬਰੀ ਵਿੱਚ ਪਤੀ-ਪਤਨੀ ਦੇ ਚੱਲ ਰਹੇ ਆਪਸੀ ਵਿਵਾਦ ਕਾਰਨ ਰਾਜ਼ੀਨਾਮਾ ਕਰਨ ਆਏ ਦੋਵਾਂ ਪੱਖਾਂ ਵਿੱਚ ਆਪਸੀ ਬਹਿਸਬਾਜ਼ੀ ਤੋਂ ਬਾਅਦ ਹੱਥੋਪਾਈ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮੌਕੇ 'ਤੇ ਦੋਵਾਂ ਪੱਖਾਂ ਦੇ ਲੋਕਾਂ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਥਾਣਾ ਸਲੇਮ ਟਾਬਰੀ ਵਿੱਚ ਪਿਛਲੇ ਕਈ ਦਿਨਾਂ ਤੋਂ ਪਤੀ-ਪਤਨੀ ਵਿੱਚ ਆਪਸੀ ਵਿਵਾਦ ਕਾਰਨ ਇੱਕ-ਦੂਜੇ ਖ਼?ਲਾਫ਼ ਸ਼ਿਕਾਇਤ ਦਰਜ ਕਰਵਾਈ ਗਈ ਹੈ। ਇਸ ਦੇ ਚਲਦਿਆਂ ਅੱਜ ਦੋਵਾਂ ਪੱਖਾਂ ਨੂੰ ਥਾਣੇ ਵਿੱਚ ਆਪਸੀ ਰਾਜ਼ੀਨਾਮੇ ਦੀ ਗੱਲ ਕਰਨ ਲਈ ਬੁਲਾਇਆ ਗਿਆ ਸੀ, ਪਰ ਥਾਣੇ ਦੇ ਅੰਦਰ ਆਉਣ ਤੋਂ ਪਹਿਲਾਂ ਹੀ ਦੋਵਾਂ ਪੱਖਾਂ ਦੇ ਲੋਕ ਥਾਣੇ ਦੇ ਬਾਹਰ ਖੜ੍ਹੇ ਹੋ ਕੇ ਆਪਸੀ ਗੱਲਬਾਤ ਕਰਨ ਲੱਗੇ। ਇਸ ਤੋਂ ਬਾਅਦ ਦੋਵਾਂ ਪੱਖਾਂ ਵੱਲੋਂ ਇੱਕ-ਦੂਜੇ ਉੱਪਰ ਸੰਗੀਨ ਦੋਸ਼ ਲਗਾਉਂਦਿਆਂ ਤਕਰਾਰਬਾਜ਼ੀ ਅਤੇ ਬਹਿਸਬਾਜ਼ੀ ਕੀਤੀ ਜਾਣ ਲੱਗੀ ਅਤੇ ਇਸ ਦੌਰਾਨ ਦੋਵਾਂ ਪੱਖਾਂ ਦੇ ਲੋਕਾਂ ਵੱਲੋਂ ਇੱਕ-ਦੂਜੇ ਨੂੰ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ ਗਿਆ। ਇੰਨਾ ਹੀ ਨਹੀਂ, ਦੋਵਾਂ ਪੱਖਾਂ ਨੇ ਇੱਕ-ਦੂਜੇ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਸ ਝਗੜੇ ਦੌਰਾਨ ਦੋਵਾਂ ਪੱਖਾਂ ਦੇ ਲੋਕਾਂ ਦੀ ਲੜਾਈ ਵਿੱਚ ਇੱਕ-ਦੂਜੇ ਦੇ ਕੱਪੜੇ ਵੀ ਪਾੜ ਦਿੱਤੇ ਗਏ। ਮੌਕੇ 'ਤੇ ਜਾਣਕਾਰੀ ਦਿੰਦਿਆਂ ਪੀੜਤ ਪੱਖ (ਪਤਨੀ) ਨੇ ਦੱਸਿਆ ਕਿ ਅੱਜ ਉਸ ਦੇ ਪਤੀ ਨਾਲ ਥਾਣੇ ਵਿੱਚ ਸਮਝੌਤੇ ਲਈ ਬੁਲਾਇਆ ਗਿਆ ਸੀ, ਪਰ ਉਸ ਦੇ ਪਤੀ ਵੱਲੋਂ ਥਾਣੇ ਦੇ ਬਾਹਰ ਹੀ ਉਸ ਦੇ ਰਿਸ਼ਤੇਦਾਰਾਂ ਅਤੇ ਉਸ ਦੀਆਂ ਭੈਣਾਂ ਲਈ ਗਲਤ ਭਾਸ਼ਾ ਦੀ ਵਰਤੋਂ ਕਰਦਿਆਂ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਤੋਂ ਬਾਅਦ ਉਸ ਦੇ ਪਤੀ ਨਾਲ ਆਏ ਲੋਕਾਂ ਅਤੇ ਉਸ ਦੇ ਪਤੀ ਵੱਲੋਂ ਉਨ੍ਹਾਂ ਦੇ ਲੋਕਾਂ ਨਾਲ ਕੁੱਟਮਾਰ ਕੀਤੀ ਗਈ ਅਤੇ ਉਨ੍ਹਾਂ ਦੇ ਕੱਪੜੇ ਤੱਕ ਪਾੜ ਦਿੱਤੇ ਗਏ। ਦੂਜੇ ਪਾਸੇ, ਪਤੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦੀ ਪਤਨੀ ਦਾ ਚਰਿੱਤਰ ਠੀਕ ਨਹੀਂ ਹੈ ਅਤੇ ਉਹ ਕਈ ਹੋਰ ਲੋਕਾਂ ਨਾਲ ਫ਼ੋਨ 'ਤੇ ਗੱਲਬਾਤ ਕਰਦੀ ਰਹਿੰਦੀ ਹੈ। ਪਤੀ ਨੇ ਦੱਸਿਆ ਕਿ ਜੇਕਰ ਪੁਲਸ ਵੱਲੋਂ ਉਸ ਦੀ ਪਤਨੀ ਦੇ ਮੋਬਾਈਲ ਫ਼ੋਨ ਦੀ ਜਾਂਚ ਕੀਤੀ ਜਾਵੇ ਤਾਂ ਸਾਰੀ ਸੱਚਾਈ ਦਾ ਪਤਾ ਲੱਗ ਸਕਦਾ ਹੈ। ਪਤੀ ਨੇ ਦੱਸਿਆ ਕਿ ਉਸ ਦੀ ਪਤਨੀ ਰਾਜ਼ੀਨਾਮੇ ਲਈ ਮੰਨ ਗਈ ਸੀ, ਪਰ ਉਸ ਦੀ ਪਤਨੀ ਦੀਆਂ ਭੈਣਾਂ ਜਾਣਬੁੱਝ ਕੇ ਉਸ ਦੇ ਘਰ ਵਿੱਚ ਦਖ਼ਲਅੰਦਾਜ਼ੀ ਕਰ ਰਹੀਆਂ ਹਨ, ਜਿਸ ਕਾਰਨ ਉਸ ਦਾ ਘਰ ਵੱਸ ਨਹੀਂ ਰਿਹਾ ਹੈ। ਜਦੋਂ ਉਕਤ ਮਾਮਲੇ ਬਾਰੇ ਥਾਣਾ ਸਲੇਮ ਟਾਬਰੀ ਦੇ ਥਾਣੇਦਾਰ ਰਾਜੇਸ਼ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪਤੀ-ਪਤਨੀ ਵੱਲੋਂ ਇੱਕ-ਦੂਜੇ ਖ਼?ਲਾਫ਼ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਹੈ ਅਤੇ ਅੱਜ ਦੋਵਾਂ ਪੱਖਾਂ ਨੂੰ ਆਪਸੀ ਗੱਲਬਾਤ ਕਰਨ ਲਈ ਥਾਣੇ ਬੁਲਾਇਆ ਗਿਆ ਸੀ। ਪਰ ਥਾਣੇ ਵਿੱਚ ਆਉਣ ਤੋਂ ਪਹਿਲਾਂ ਹੀ ਦੋਵਾਂ ਪੱਖਾਂ ਦੀ ਥਾਣੇ ਦੇ ਬਾਹਰ ਆਪਸੀ ਰੰਜਿਸ਼ ਕਾਰਨ ਬਹਿਸਬਾਜ਼ੀ ਹੋਣ ਲੱਗੀ, ਜਿਸ ਤੋਂ ਬਾਅਦ ਦੋਵੇਂ ਪੱਖ ਇੱਕ-ਦੂਜੇ ਨਾਲ ਕੁੱਟਮਾਰ ਕਰਨ ਲੱਗੇ। ਉਨ੍ਹਾਂ ਦੱਸਿਆ ਕਿ ਫ਼?ਲਹਾਲ ਪੁਲਸ ਵੱਲੋਂ ਉਕਤ ਮਾਮਲੇ ਸਬੰਧੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਿਵੇਂ ਦੀ ਸੂਰਤ ਹੋਵੇਗੀ, ਉਵੇਂ ਦੀ ਕਾਰਵਾਈ ਕੀਤੀ ਜਾਵੇਗੀ।

ਵੇਰਕਾ ਮਿਲਕ ਪਲਾਂਟ ਨੇੜੇ ਵਾਪਰਿਆ ਭਿਆਨਕ ਹਾਦਸਾ ! 27 ਸਾਲਾ ਨੌਜਵਾਨ ਦੀ ਦਰਦਨਾਕ ਮੌਤ

ਕੌਮੀ ਪਤ੍ਰਿਕਾ

ਲੁਧਿਆਣਾ 25 ਜੂਨ। ਫਿਰੋਜ਼ਪੁਰ ਰੋਡ 'ਤੇ ਸਥਿਤ ਵੇਰਕਾ ਮਿਲਕ ਪਲਾਂਟ ਦੇ ਸਾਹਮਣੇ ਅੱਧੀ ਰਾਤ ਨੂੰ ਇਕ ਦਿਲ ਦਹਿਲਾ ਦੇਣ ਵਾਲਾ ਸੜਕ ਹਾਦਸਾ ਸਾਹਮਣੇ ਆਇਆ ਹੈ। ਇੱਥੇ ਇਕ ਤੇਜ਼ ਰਫ਼ਤਾਰ ਮਹਿੰਦਰਾ ਬੋਲੈਰੋ ਪਿੱਕਅਪ ਗੱਡੀ ਅਚਾਨਕ ਬੇਕਾਬੂ ਹੋ ਕੇ ਡਿਵਾਈਡਰ ਨਾਲ ਜਾ ਟਕਰਾਈ। ਟੱਕਰ ਇੰਨੀ ਭਿਆਨਕ ਸੀ ਕਿ ਗੱਡੀ ਚਲਾ ਰਹੇ 27 ਸਾਲਾ ਇਕ ਨੌਜਵਾਨ ਕਿਸਾਨ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਰਾਭਾ ਨਗਰ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਸੰਦੀਪ ਸਿੰਘ (27) ਵਜੋਂ ਹੋਈ ਹੈ। ਸੰਦੀਪ ਪੇਸ਼ੇ ਤੋਂ ਕਿਸਾਨ ਸੀ ਅਤੇ ਆਪਣੇ ਖੇਤਾਂ 'ਚ ਆਧੁਨਿਕ ਤਰੀਕੇ ਨਾਲ ਉਗਾਈਆਂ ਸਬਜ਼ੀਆਂ ਖ਼ੁਦ ਹੀ ਪਿੱਕਅਪ ਗੱਡੀ 'ਚ ਲੱਦ ਕੇ ਮੰਡੀ 'ਚ ਸਪਲਾਈ ਕਰਨ ਦਾ ਕੰਮ ਕਰਦਾ ਸੀ। ਪਰਿਵਾਰਕ ਮੈਂਬਰਾਂ ਮੁਤਾਬਕ ਉਹ ਮੰਗਲਵਾਰ ਦੀ ਰਾਤ ਕਰੀਬ 11 ਵਜੇ ਫਿਰੋਜ਼ਪੁਰ ਸਥਿਤ ਆਪਣੇ ਘਰ ਤੋਂ ਸਬਜ਼ੀਆਂ ਲੋਡ ਕਰਕੇ ਲੁਧਿਆਣਾ ਮੰਡੀ ਲਈ ਨਿਕਲਿਆ ਸੀ। ਸਫ਼ਰ ਦੌਰਾਨ ਰਾਤ ਕਰੀਬ ਢਾਈ ਵਜੇ ਜਿਵੇਂ ਹੀ ਸੰਦੀਪ ਦੀ ਮਹਿੰਦਰਾ ਬੋਲੈਰੋ ਪਿੱਕਅਪ ਗੱਡੀ ਫਿਰੋਜ਼ਪੁਰ ਰੋਡ 'ਤੇ ਵੇਰਕਾ ਮਿਲਕ ਪਲਾਂਟ ਦੇ ਬਿਲਕੁਲ ਸਾਹਮਣੇ ਪਹੁੰਚੀ ਤਾਂ ਅਚਾਨਕ ਗੱਡੀ ਬੇਕਾਬੂ ਹੋ ਗਈ। ਰਫ਼ਤਾਰ ਤੇਜ਼ ਹੋਣ ਕਾਰਨ ਗੱਡੀ ਸਿੱਧੀ ਸੜਕ ਦੇ ਵਿਚਕਾਰ ਬਣੇ ਡਿਵਾਈਡਰ ਨਾਲ ਜਾ ਭਿੜੀ। ਇਹ ਟੱਕਰ ਇੰਨੀ ਜ਼ੋਰਦਾਰ ਸੀ ਕਿ ਪਿੱਕਅਪ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਚਕਨਾਚੂਰ ਹੋ ਗਿਆ ਅਤੇ ਸੰਦੀਪ ਸਟੀਅਰਿਗ ਵ?ਹੀਲ ਦੇ ਵਿਚਕਾਰ ਬੁਰੀ ਤਰ੍ਹਾਂ ਫਸ ਗਿਆ। ਹਾਦਸੇ 'ਚ ਉਸਦੇ ਸਿਰ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਬੇਹੱਦ ਗੰਭੀਰ ਸੱਟਾਂ ਆਈਆਂ। ਹਾਦਸੇ ਦੇ ਤੁਰੰਤ ਬਾਅਦ ਉੱਥੋਂ ਲੰਘ ਰਹੇ ਰਾਹਗੀਰਾਂ ਨੇ ਇਨਸਾਨੀਅਤ ਦਿਖਾਉਂਦੇ ਹੋਏ ਪੁਲਸ ਅਤੇ ਐਂਬੂਲੈਂਸ ਬੁਲਾਈ। ਰਾਹਗੀਰਾਂ ਨੇ ਭਾਰੀ ਮੁਸ਼ੱਕਤ ਤੋਂ ਬਾਅਦ ਸੰਦੀਪ ਨੂੰ ਗੱਡੀ 'ਚੋਂ ਬਾਹਰ ਕੱਢਿਆ ਪਰ ਸੱਟਾਂ ਇੰਨੀਆਂ ਡੂੰਘੀਆਂ ਸਨ ਕਿ ਮਦਦ ਪਹੁੰਚਣ ਤੋਂ ਪਹਿਲਾਂ ਹੀ ਸੰਦੀਪ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ।

ਥਾਣਾ ਸਰਾਭਾ ਨਗਰ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਭੇਜ ਦਿੱਤਾ ਹੈ। ਪਰਿਵਾਰ ਵਾਲਿਆਂ ਨੇ ਦੱਸ

ਘਰ ਬਾਹਰ ਖੇਡਦੇ ਮੁੰਡੇ ਨੂੰ ਕਰ ਲਿਆ ਅਗਵਾ, ਮਾਂ ਦੇ ਪ੍ਰੇਮੀ ਨੇ ਕਰ'ਤਾ ਖੌਫਨਾਕ ਕਾਰਾ

ਕੌਮੀ ਪੜ੍ਹਿਕਾ

ਮੇਰਠ 25 ਜੂਨ। ਉੱਤਰ ਪ੍ਰਦੇਸ਼ ਦੇ ਮੇਰਠ 'ਚ ਇਕ ਪ੍ਰੇਮੀ ਨੇ ਆਪਣੀ ਵਿਆਹੁਤਾ ਪ੍ਰੇਮਿਕਾ ਦੇ 7 ਸਾਲਾ ਪੁੱਤਰ ਦਾ ਕਤਲ ਕਰ ਦਿੱਤਾ। ਦੋਸ਼ੀ ਨੇ ਘਰ ਦੇ ਬਾਹਰ ਖੇਡ ਰਹੇ ਬੱਚੇ ਨੂੰ ਅਗਵਾ ਕੀਤਾ ਅਤੇ ਉਸ ਨੂੰ ਨਹਿਰ 'ਚ ਸੁੱਟ ਦਿੱਤਾ। ਘਟਨਾ ਤੋਂ ਲਗਭਗ 25 ਘੰਟੇ ਬਾਅਦ ਬੱਚੇ ਦੀ ਲਾਸ਼ ਨਹਿਰ 'ਚੋਂ ਮਿਲੀ। ਮੰਗਲਵਾਰ ਨੂੰ ਬਹਿਸੁਮਾ ਥਾਣਾ ਖੇਤਰ ਦੇ ਰਾਮਰਾਜ ਪਿੰਡ ਤੋਂ ਬੱਚੇ ਨੂੰ ਅਗਵਾ ਕੀਤਾ ਗਿਆ ਸੀ। ਪੁਲਸ ਅਨੁਸਾਰ, ਦੋਸ਼ੀ ਦਾ ਬੱਚੇ ਦੀ ਮਾਂ ਨਾਲ ਪ੍ਰੇਮ ਸਬੰਧ ਸੀ। ਹਾਲਾਂਕਿ, ਕਤਲ ਦਾ ਕਾਰਨ ਅਜੇ ਵੀ ਸਪੱਸ਼ਟ ਨਹੀਂ ਹੈ। ਬੱਚੇ ਦੀ ਮਾਂ ਇਕ ਨਿੱਜੀ ਸਕੂਲ 'ਚ ਅਧਿਆਪਕਾ ਹੈ, ਜਦੋਂ ਕਿ ਉਸ ਦਾ ਪਿਤਾ ਸਾਊਦੀ ਅਰਬ 'ਚ ਕੰਮ ਕਰਦਾ ਹੈ। ਰਾਮਰਾਜ ਪਿੰਡ ਦਾ ਰਹਿਣ ਵਾਲਾ ਗੁਰਸੇਵਕ ਸਾਊਦੀ ਅਰਬ 'ਚ ਕੰਮ ਕਰਦਾ ਹੈ। ਉਸ ਦੀ ਪਤਨੀ, ਗੁਰਪ੍ਰੀਤ, ਉਸੇ ਪਿੰਡ ਦੇ ਇਕ ਨਿੱਜੀ ਸਕੂਲ 'ਚ ਅਧਿਆਪਕਾ ਹੈ। ਗੁਰਸੇਵਕ ਅਤੇ ਗੁਰਪ੍ਰੀਤ ਦਾ 7 ਸਾਲਾ ਪੁੱਤਰ ਅੰਗਦਵੀਰ ਪਟਿਆਲਾ 'ਚ ਆਪਣੀ ਦਾਦੀ ਨਾਲ ਰਹਿ ਕੇ ਪੜ੍ਹਦਾ ਸੀ। ਅੰਗਦਵੀਰ ਦੀ ਦਾਦੀ ਨੇ ਕਿਹਾ,ਮੈਂ ਆਪਣੇ ਪੋਤੇ ਅੰਗਦਵੀਰ ਨਾਲ ਪਟਿਆਲਾ 'ਚ ਰਹਿੰਦੀ ਹਾਂ, ਜਿੱਥੇ ਉਸ ਦੀ ਪੜ੍ਹਾਈ ਚੱਲ ਰਹੀ ਸੀ। ਅਸੀਂ ਲਗਭਗ 5-6 ਦਿਨ ਪਹਿਲਾਂ ਰਾਮਰਾਜ ਪਿੰਡ 'ਚ ਆਪਣੇ ਦੂਜੇ ਘਰ ਆਏ ਸੀ। ਅੰਗਦਵੀਰ ਮੰਗਲਵਾਰ ਸਵੇਰੇ 11 ਵਜੇ ਦੇ ਕਰੀਬ ਖੇਡਣ ਲਈ ਬਾਹਰ ਗਿਆ ਸੀ। ਜਦੋਂ ਉਹ ਕਾਫ਼ੀ ਸਮੇਂ ਤੱਕ ਵਾਪਸ ਨਹੀਂ ਆਇਆ, ਤਾਂ ਉਸ ਦੀ ਭਾਲ ਸ਼ੁਰੂ ਕੀਤੀ ਗਈ ਪਰ ਉਸ ਦਾ ਕਿਤੇ ਪਤਾ ਨਹੀਂ ਲੱਗਿਆ। ਪੁਲਸ ਨੂੰ ਸੂਚਿਤ ਕੀਤਾ ਗਿਆ। ਪੁਲਸ ਨੇ ਨੇੜਲੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਅਤੇ ਇਕ ਨੌਜਵਾਨ ਨੂੰ ਬੱਚੇ ਨੂੰ ਕਾਰ 'ਚ ਲਿਜਾਂਦੇ ਦੇਖਿਆ। ਕਾਰ ਨੰਬਰ ਦੇ ਆਧਾਰ 'ਤੇ, ਪੁਲਸ ਨੇ ਐੱਚਡੀਐੱਫਸੀ ਬੈਂਕ ਦੇ ਕਰਮਚਾਰੀ ਅੰਕਿਤ ਸ਼ਰਮਾ ਨੂੰ ਹਿਰਾਸਤ 'ਚ ਲੈ ਲਿਆ ਅਤੇ ਉਸ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ। ਐੱਸਪੀ ਦਿਹਾਤੀ ਅਭਿਜੀਤ ਕੁਮਾਰ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ, ਦੋਸ਼ੀ ਅੰਕਿਤ ਸ਼ਰਮਾ ਨੇ ਬੱਚੇ ਨੂੰ ਆਪਣੇ ਨਾਲ ਲੈ ਜਾਣ ਅਤੇ ਨਹਿਰ 'ਵਿੱਚ ਸੁੱਟ ਦੇਣ ਦੀ ਗੱਲ ਕਬੂਲ ਕੀਤੀ। ਉਸਦੀ ਜਾਣਕਾਰੀ ਤੋਂ ਬਾਅਦ ਪੁਲਸ ਟੀਮ ਨੇ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ ਦੀ ਮਦਦ ਨਾਲ ਬੱਚੇ ਦੀ ਭਾਲ ਸ਼ੁਰੂ ਕਰ ਦਿੱਤੀ। ਬੱਚੇ ਦੀ ਲਾਸ਼ ਬੁੱਧਵਾਰ ਦੁਪਹਿਰ ਨੂੰ ਲਗਭਗ 25 ਘੰਟੇ ਬਾਅਦ ਬਰਾਮਦ ਕੀਤੀ ਗਈ। ਪੁਲਸ ਦੇ ਅਨੁਸਾਰ ਦੋਸ਼ੀ ਅੰਕਿਤ ਸ਼ਰਮਾ, ਬੱਚੇ ਦੀ ਮਾਂ ਨਾਲ ਪਹਿਲਾਂ ਤੋਂ ਜਾਣੂ ਸੀ। ਉਹ ਗੱਲਬਾਤ ਕਰਦੇ ਸਨ। ਗੁਆਂਢੀਆਂ ਦੇ ਅਨੁਸਾਰ, ਦੋਸ਼ੀ ਅੰਕਿਤ ਦੋਸ਼ੀ ਦਾ ਬੱਚੇ ਦੀ ਮਾਂ ਨਾਲ ਪ੍ਰੇਮ ਸਬੰਧ ਸੀ। ਹਾਲਾਂਕਿ, ਕਤਲ ਦਾ ਕਾਰਨ ਅਜੇ ਵੀ ਸਪੱਸ਼ਟ ਨਹੀਂ ਹੈ। ਬੱਚੇ ਦੀ ਮਾਂ ਇਕ ਨਿੱਜੀ ਸਕੂਲ 'ਚ ਅਧਿਆਪਕਾ ਹੈ, ਜਦੋਂ ਕਿ ਉਸ ਦਾ ਪਿਤਾ ਸਾਊਦੀ ਅਰਬ 'ਚ ਕੰਮ ਕਰਦਾ ਹੈ। ਰਾਮਰਾਜਦਾ ਅੰਗਦਵੀਰ ਦੀ ਮਾਂ ਨਾਲ ਪ੍ਰੇਮ ਸਬੰਧ ਸੀ ਅਤੇ ਉਹ ਉਸ ਨਾਲ ਵਿਆਹ ਕਰਨਾ ਚਾਹੁੰਦਾ ਸੀ। ਪਿਛਲੇ ਦੋ-ਤਿੰਨ ਦਿਨਾਂ ਤੋਂ ਨੌਜਵਾਨ ਮੁਹੱਲੇ 'ਚ ਘੁੰਮ ਰਿਹਾ ਸੀ।

ਭਗਵੰਤ ਮਾਨ ਨੇ ਕਿਹਾ—ਵਾਇਰਲ ਵੀਡੀਓ ਸਾਜ਼ਿਸ਼ ਦਾ ਹਿੱਸਾ, ਮੇਰੀ ਛਵੀ ਖਰਾਬ ਕਰਨ ਲਈ "ਮਾਸਕ" ਵਰਤਿਆ ਗਿਆ

Contd.....Front page

ਤਦ ਵਿਰੋਧੀ ਧਿਰ ਲੋਕਾਂ ਦਾ ਧਿਆਨ ਭਟਕਾਉਣ ਲਈ ਇਸ ਤਰ੍ਹਾਂ ਦੇ ਵਿਵਾਦ ਖੜ੍ਹੇ ਕਰ ਰਹੀ ਹੈ। ਇਸ ਪ੍ਰੈਸ ਕਾਨਫਰੰਸ ਨਾਲ ਪੰਜਾਬ ਦੀ ਸਿਆਸਤ ਹੋਰ ਵੀ ਗਰਮ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਪਹਿਲਾਂ ਹੀ ਇਸ ਮਾਮਲੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਸਰਕਾਰ ਨੂੰ ਘੇਰ ਰਹੇ ਹਨ। ਵਿਰੋਧੀ ਧਿਰ ਵੱਲੋਂ ਇਸ ਮਾਮਲੇ ਦੀ ਨਿਰਪੱਖ ਜਾਂਚ, ਪੁਲਿਸ ਕਾਰਵਾਈ ਅਤੇ ਕੁਝ ਮੌਕਿਆਂ 'ਤੇ ਮੁੱਖ ਮੰਤਰੀ ਤੋਂ ਅਸਤੀਫ਼ੇ ਦੀ ਮੰਗ ਵੀ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਆਮ ਆਦਮੀ ਪਾਰਟੀ ਦੇ ਨੇਤਾ ਇਸਨੂੰ ਝੂਠੇ ਪ੍ਰਚਾਰ, ਘੜਤ ਕਹਾਣੀ ਅਤੇ ਰਾਜਨੀਤਿਕ ਸਾਜ਼ਿਸ਼ ਵਜੋਂ ਪੇਸ਼ ਕਰ ਰਹੇ ਹਨ। ਕੁੱਲ ਮਿਲਾ ਕੇ, ਅੱਜ ਚੰਡੀਗੜ੍ਹ ਵਿੱਚ ਹੋਈ ਪ੍ਰੈਸ ਕਾਨਫਰੰਸ ਰਾਹੀਂ ਭਗਵੰਤ ਮਾਨ ਨੇ ਤਿੰਨ ਵੱਡੇ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ।

- **ਪਹਿਲਾ**—ਵਾਇਰਲ ਵੀਡੀਓ ਵਿੱਚ ਦਿਖ ਰਿਹਾ ਵਿਅਕਤੀ ਭਗਵੰਤ ਮਾਨ ਨਹੀਂ ਹੈ।
- **ਦੂਜਾ**—ਉਨ੍ਹਾਂ ਨੂੰ ਰਾਜਨੀਤਿਕ ਤੌਰ 'ਤੇ ਬਦਨਾਮ ਕਰਨ ਲਈ ਇੱਕ ਸਾਜ਼ਿਸ਼ ਰਚੀ ਜਾ ਰਹੀ ਹੈ।
- **ਅਤੇ ਤੀਜਾ**—ਉਹ ਅਕਾਲ ਤਖ਼ਤ ਸਾਹਿਬ ਸਮੇਤ ਹਰ ਉਚਿਤ ਮੰਚ 'ਤੇ ਆਪਣਾ ਪੱਖ ਰੱਖਣ ਲਈ ਤਿਆਰ ਹਨ। ਹਾਲਾਂਕਿ, ਇਸ ਪ੍ਰੈਸ ਕਾਨਫਰੰਸ ਤੋਂ ਬਾਅਦ ਇਹ ਵਿਵਾਦ ਠੰਢਾ ਪੈਣ ਦੀ ਬਜਾਏ ਹੋਰ ਭਖਣ ਦੇ ਆਸਾਰ ਨਜ਼ਰ ਆ ਰਹੇ ਹਨ, ਕਿਉਂਕਿ ਹੁਣ ਇਹ ਮਾਮਲਾ ਸਿਰਫ਼ ਇੱਕ ਵੀਡੀਓ ਨਹੀਂ, ਸਗੋਂ ਫੋਰੈਂਸਿਕ ਰਿਪੋਰਟ, ਪੁਲਿਸ ਕਾਰਵਾਈ, ਧਾਰਮਿਕ ਭਾਵਨਾਵਾਂ ਅਤੇ ਤਿੱਖੀ ਰਾਜਨੀਤਿਕ ਟੱਕਰ ਨਾਲ ਵੀ ਜੁੜ ਗਿਆ ਹੈ।

ਆਪਸੀ ਵਿਵਾਦ ਕਾਰਨ ਮਾਂ ਨੇ ਧੀ ਦੀ ਚੈਨੀ ਅਤੇ ਮੋਬਾਇਲ ਖੋਹਿਆ

ਮੋਗਾ 25 ਜੂਨ। ਰੰਜਿਸ਼ ਦੇ ਚੱਲਦਿਆਂ ਮਾਂ ਵਲੋਂ ਆਪਣੀ ਧੀ 'ਤੇ ਹਮਲਾ ਕਰਨ ਤੋਂ ਇਲਾਵਾ ਉਸਦਾ ਮੋਬਾਇਲ ਫੋਨ ਅਤੇ ਸੋਨੇ ਦੀ ਚੈਨੀ ਖਿੱਚ ਕੇ ਲਿਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਬਲਵਿੰਦਰਜੀਤ ਕੌਰ ਨਿਵਾਸੀ ਪਿੰਡ ਭਾਊਆਂ ਕੋਟ ਸਲ੍ਹੀਣਾ ਦੇ ਬਿਆਨਾਂ 'ਤੇ ਉਸਦੀ ਮਾਂ ਸੁਖਵਿੰਦਰ ਕੌਰ ਨਿਵਾਸੀ ਫਰੀਦਕੋਟ ਅਤੇ 10-11 ਹਥਿਆਰਬੰਦ ਔਰਤਾਂ ਖ਼ਿਲਾਫ਼ ਥਾਣਾ ਸਦਰ ਮੋਗਾ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਸਤਨਾਮ ਸਿੰਘ ਵਲੋਂ ਕੀਤੀ ਜਾ ਰਹੀ ਹੈ। ਪੁਲਸ ਸੂਤਰਾਂ ਅਨੁਸਾਰ ਬਲਵਿੰਦਰਜੀਤ ਕੌਰ ਨੇ ਕਿਹਾ ਕਿ ਬੀਤੀ 16 ਜੂਨ ਦੀ ਤੜਕਸਾਰ ਉਸਦੀ ਮਾਂ ਸੁਖਵਿੰਦਰ ਕੌਰ ਦੇ ਨਾਲ ਦੋ ਗੱਡੀਆਂ ਵਿਚ 10-11 ਨਿਹੰਗ-ਸਿੰਘ ਸਿੱਖੀ ਬਾਣੇ ਵਿਚ ਔਰਤਾਂ ਸਨ

ਲੁਧਿਆਣਾ ਦੇ ਕਾਰੋਬਾਰੀ ਨਾਲ ਪਿਸਤੌਲ ਦੀ ਨੋਕ 'ਤੇ ਲੁੱਟ !

ਲੁਧਿਆਣਾ 25 ਜੂਨ। ਫਿਰੋਜ਼ਪੁਰ ਰੋਡ ਐਲੀਵੇਟਿਡ ਪੁਲ 'ਤੇ 2 ਨਕਾਬਪੋਸ਼ ਲੁਟੇਰਿਆਂ ਨੇ ਇਕ ਕਾਰੋਬਾਰੀ ਤੋਂ ਰਿਵਾਲਵਰ ਦੀ ਨੋਕ 'ਤੇ ਲਾਕੇਟ ਸਮੇਤ ਸੋਨੇ ਦੀ ਚੇਨ ਤੇ ਹਜ਼ਾਰਾਂ ਰੁਪਏ ਖੋਹ ਲਏ। ਲੁਟੇਰੇ 4-5 ਮਿੰਟ ਤਕ ਕਾਰੋਬਾਰੀ ਨੂੰ ਧਮਕਾਉਂਦੇ ਰਹੇ। ਪੀੜਤ ਨੇ ਥਾਣਾ ਡਵੀਜ਼ਨ ਨੰਬਰ 5 ਦੀ ਪੁਲਸ ਨੂੰ ਸ਼ਿਕਾਇਤ ਦਿੱਤੀ। ਪੀੜਤ ਰੌਸ਼ਨ ਲਾਲ ਨੇ ਦੱਸਿਆ ਕਿ ਉਹ ਵੀਰਵਾਰ ਸ਼ਾਮ ਐਕਟਿਵਾ 'ਤੇ ਸਵਾਰ ਹੋ ਕੇ ਇਕ ਡਾਕਟਰ ਤੋਂ ਦਵਾਈ ਲੈਣ ਲਈ ਮਾਡਲ ਟਾਊਨ ਗਿਆ ਸੀ। ਦਵਾਈ ਲੈ ਕੇ ਪਰਤਦਿਆਂ ਜਦੋਂ ਉਹ ਫਿਰੋਜ਼ਪੁਰ ਰੋਡ, ਐਲੀਵੇਟਿਡ ਪੁਲ, ਨਾਨਕਸਰ ਗੁਰਦੁਆਰੇ ਨੇੜੇ ਪਹੁੰਚਿਆਂ ਤਾਂ 2 ਨਕਾਬਪੋਸ਼ ਲੁਟੇਰਿਆਂ ਨੇ ਉਸ ਦੀ ਐਕਟਿਵਾ ਦੇ ਅੱਗੇ ਮੋਟਰਸਾਈਕਲ ਲਗਾ ਕੇ ਰਾਹ ਰੋਕ ਲਿਆ ਤੇ ਉਸ ਨੂੰ ਧਮਕਾਉਣ ਲੱਗ ਪਏ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਲੁਟੇਰਿਆਂ ਨੇ ਉਸ ਦੀ ਕਮਰ ਦੇ ਪਿੱਛੇ ਰਿਵਾਲਵਰ ਲਗਾ ਦਿੱਤੀ, ਜਿਸ ਨਾਲ ਉਹ ਸਹਿਮ ਗਿਆ। ਲੁਟੇਰਿਆਂ ਨੇ ਉਸ ਦੇ ਗਲੇ ਵਿਚ ਪਾਈ ਸੋਨੇ ਦੀ ਚੇਨ ਤੇ ਲਾਕਟ ਤੋਂ ਇਲਾਵਾ ਜੇਬ ਵਿਚ ਪਈ 7 ਹਜ਼ਾਰ ਰੁਪਏ ਦੀ ਨਕਦੀ ਖੋਹ ਲਈ ਤੇ ਧਮਕਾਉਂਦੇ ਹੋਏ ਫ਼ਰਾਰ ਹੋ ਗਏ। ਪੀੜਤ ਰੌਸ਼ਨ ਨੇ ਦੱਸਿਆ ਕਿ ਉਸ ਦਾ ਘਰ ਜਨਕਪੁਰੀ ਸਲੇਮ ਟਾਬਰੀ ਇਲਾਕੇ ਵਿਚ ਹੈ, ਜਦਕਿ ਦੂਜਾ ਘਰ ਸਾਊਥ ਸਿਟੀ ਵਿਚ ਹੈ। ਉਹ ਰੈਡੀਮੇਡ ਕਪੜਿਆਂ ਦਾ ਕਾਰੋਬਾਰ ਕਰਦਾ ਹੈ। ਜਦੋਂ ਉਸ ਨਾਲ ਵਾਰਦਾਤ ਹੋਈ ਤਾਂ ਉਹ ਸਾਊਥ ਸਿਟੀ ਸਥਿਤ ਘਰ ਵੱਲ ਜਾ ਰਿਹਾ ਸੀ। ਜਾਂਚ ਅਧਿਕਾਰੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਪੀੜਤ ਰੌਸ਼ਨ ਲਾਲ ਦੇ ਬਿਆਨਾਂ 'ਤੇ 2 ਅਣਪਛਾਤੇ ਲੁਟੇਰਿਆਂ ਖ਼ਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਸ ਟੀਮ ਫਿਰੋਜ਼ਪੁਰ ਰੋਡ, ਐਲੀਵੇਟਿਡ ਪੁਲ 'ਤੇ ਐਂਟਰੀ ਤੇ ਐਗਜ਼ਿਟ ਪੁਆਇੰਟਾਂ 'ਤੇ ਲੱਗੇ ਸੀ. ਸੀ. ਟੀ.ਵੀ. ਫੁਟੇਜ ਖੰਗਾਲ ਰਹੀ ਹੈ। ਜਲਦੀ ਹੀ ਲੁਟੇਰਿਆਂ ਨੂੰ ਕਾਬੂ ਕਰ ਲਿਆ ਜਾਵੇਗਾ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDH

ਸਮਾਜਿਕ ਦਰਪਣ

ਬੁਰੇ ਕੰਮ ਦਾ ਬੁਰਾ ਨਤੀਜਾ

■ ਬਲਰਾਜ ਸਿੰਘ ਸਿੱਧੂ ਐੱਸ.ਪੀ.

ਹਰਨਾਮ ਸਿੰਘ ਦੀ ਪਤਨੀ ਤੇਜ ਕੌਰ ਨੇ ਥਾਂ ਥਾਂ ਸੁੱਖਾਂ ਸੁੱਖ ਕੇ ਪੁੱਤ ਲਿਆ ਸੀ। ਹਰਨਾਮ ਸਿੰਘ ਦਾ ਕੋਈ ਹੋਰ ਸਕਾ ਭੈਣ ਭਰਾ ਨਹੀਂ ਸੀ। ਸ਼ਰੀਕੇ ਵਾਲਿਆਂ ਦੀ ਅੱਖ ਉਸ ਦੀ ਜ਼ਮੀਨ ਉੱਪਰ ਟਿਕੀ ਹੋਈ ਸੀ। ਉਨ੍ਹਾਂ ਨੂੰ ਪਤਾ ਸੀ ਕਿ ਜੇ ਗੰਗਾ ਸਿੰਘ ਮਾਰਿਆ ਗਿਆ ਤਾਂ ਹਰਨਾਮ ਸਿੰਘ ਤੇ ਤੇਜ ਕੌਰ ਹਉਕੇ ਨਾਲ ਹੀ ਮਰ ਜਾਣਗੇ। ਫਿਰ ਜ਼ਮੀਨ ਵੀ ਆਪਣੀ ਤੇ ਹਵੇਲੀ ਵਰਗਾ ਮਕਾਨ ਵੀ ਆਪਣਾ।

ਇਹ ਅਸਲ ਵਾਕਿਆ 1948-49 ਦੌਰਾਨ ਅਜੋਕੇ ਤਰਨ ਤਾਰਨ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਵਾਪਰਿਆ ਸੀ। ਹਰਨਾਮ ਸਿੰਘ ਢਿੱਲੋਂ ਪੰਜਾਹ ਕਿੱਲੇ ਜ਼ਮੀਨ ਦਾ ਮਾਲਕ ਸਿਰ ਕੱਢਵਾਂ ਜ਼ਿਮੀਂਦਾਰ ਸੀ। 13-14 ਸਾਲ ਦਾ ਗੰਗਾ ਸਿੰਘ ਉਸ ਦਾ ਇਕਲੌਤਾ ਪੁੱਤਰ ਸੀ। ਹਰਨਾਮ ਸਿੰਘ ਦੀ ਪਤਨੀ ਤੇਜ ਕੌਰ ਨੇ ਥਾਂ ਥਾਂ ਸੁੱਖਾਂ ਸੁੱਖ ਕੇ ਪੁੱਤ ਲਿਆ ਸੀ। ਹਰਨਾਮ ਸਿੰਘ ਦਾ ਕੋਈ ਹੋਰ ਸਕਾ ਭੈਣ ਭਰਾ ਨਹੀਂ ਸੀ। ਸ਼ਰੀਕੇ ਵਾਲਿਆਂ ਦੀ ਅੱਖ ਉਸ ਦੀ ਜ਼ਮੀਨ ਉੱਪਰ ਟਿਕੀ ਹੋਈ ਸੀ। ਉਨ੍ਹਾਂ ਨੂੰ ਪਤਾ ਸੀ ਕਿ ਜੇ ਗੰਗਾ ਸਿੰਘ ਮਾਰਿਆ ਗਿਆ ਤਾਂ ਹਰਨਾਮ ਸਿੰਘ ਤੇ ਤੇਜ ਕੌਰ ਹਉਕੇ ਨਾਲ ਹੀ ਮਰ ਜਾਣਗੇ। ਫਿਰ ਜ਼ਮੀਨ ਵੀ ਆਪਣੀ ਤੇ ਹਵੇਲੀ ਵਰਗਾ ਮਕਾਨ ਵੀ ਆਪਣਾ। ਉਹ ਬਾਲਕ ਗੰਗਾ ਸਿੰਘ ਨੂੰ ਮਾਰਨ ਦੀ ਤਿੰਨ ਚਾਰ ਵਾਰ ਕੋਸ਼ਿਸ਼ ਕਰ ਚੁੱਕੇ ਸਨ। ਇੱਕ ਵਾਰ ਚਾਚੀ ਬਚਨੀ ਨੇ ਗੰਗਾ ਸਿੰਘ ਨੂੰ ਦੂੱਧ ਵਿੱਚ ਜ਼ਹਿਰ ਮਿਲਾ ਕੇ ਪਿਆ ਦਿੱਤਾ ਸੀ, ਪਰ ਡਾਕਟਰ ਨੇ ਬਚਾ ਲਿਆ। ਦੂਜੀ ਵਾਰ ਸ਼ਰੀਕੇ ਵਾਲੇ ਧੋਖੇ ਨਾਲ ਗੰਗਾ ਸਿੰਘ ਨੂੰ ਵੰਡ ਵੇਲੇ ਪਾਕਿਸਤਾਨ ਜਾ ਰਹੇ ਸ਼ਰਨਾਰਥੀਆਂ ਦਾ ਕਾਫ਼ਲਾ ਲੁੱਟਣ ਨਾਲ ਲੈ ਗਏ ਕਿ ਰੌਲੇ-ਗੌਲੇ ਵਿੱਚ ਪਾਰ ਬੁਲਾ ਦਿਆਂਗੇ। ਪਰ ਭਾਣਾ ਰੱਬ ਦਾ! ਅਚਾਨਕ ਫ਼ੌਜ ਆ ਗਈ ਤੇ ਉਸ ਨੇ ਲੁਟੇਰਿਆਂ ਉੱਪਰ ਗੋਲੀਬਾਰੀ ਕਰ ਦਿੱਤੀ। ਗੋਲੀ ਨਾਲ ਸਭ ਤੋਂ ਵੱਡਾ ਵੈਰੀ ਤਾਇਆ ਕੰਸ ਸਿੰਘ ਹੀ ਮਾਰਿਆ ਗਿਆ। ਵਰ੍ਹਦੀ ਗੋਲੀ ਵਿੱਚੋਂ ਭੱਜ ਕੇ ਘਰ ਆਏ ਗੰਗਾ ਸਿੰਘ ਨੂੰ ਹਰਨਾਮ ਸਿੰਘ ਨੇ ਰੂਹ ਨਾਲ ਝੰਬਿਆ। ਉਸ ਘਟਨਾ ਤੋਂ ਬਾਅਦ ਗੰਗਾ ਸਿੰਘ ਸ਼ਰੀਕਾਂ ਦਾ ਬਿਲਕੁਲ ਵਿਸਾਹ ਨਹੀਂ ਸੀ ਖਾਂਦਾ। ਕੁਝ ਦਿਨ ਬਾਅਦ ਸ਼ਰੀਕੇ 'ਚੋਂ ਚਾਚਾ ਲੱਗਦਾ ਮਾਹਣਾ ਦੋਧੀ, ਗੰਗਾ ਸਿੰਘ ਦੇ ਮਗਰ ਕਿਰਪਾਨ ਲੈ ਕੇ ਭੱਜਿਆ, ਪਰ ਚੌਕੰਨਾ ਗੰਗਾ ਸਿੰਘ ਭੱਜ ਕੇ ਘਰ ਆ ਵੜਿਆ। ਇਸ ਕਲੇਸ਼ ਕਾਰਨ ਹਰਨਾਮ ਸਿੰਘ ਪਹਿਲਾਂ ਵੀ ਕਈ ਵਾਰ ਪੰਚਾਇਤ ਇਕੱਠੀ ਕਰ ਚੁੱਕਾ ਸੀ, ਪਰ ਦੁਸ਼ਮਣ ਪੰਚਾਇਤ ਵਿੱਚ ਮੰਨੇ ਹੀ ਨਾ ਕਿ ਅਸੀਂ ਜ਼ਹਿਰ ਦਿੱਤਾ ਜਾਂ ਸਾਡਾ ਹਰਨਾਮ ਸਿੰਘ ਨਾਲ ਕੋਈ ਵੈਰ ਹੈ। ਹਰਨਾਮ ਸਿੰਘ ਨੇ ਦੁਨੀਆਂ ਵੇਖੀ ਹੋਈ ਸੀ। ਉਹ ਸਮਝ ਗਿਆ ਕਿ ਹੁਣ ਪੰਚਾਇਤ ਵਿੱਚ ਜਾਣ ਦਾ ਕੋਈ ਲਾਭ ਨਹੀਂ। ਜੋ ਕੁਝ ਕਰਨਾ ਹੈ ਉਹ ਆਪ ਹੀ ਕਰਨਾ ਪਵੇਗਾ। ਬੰਦੇ ਘੱਟ ਹੋਣ ਕਾਰਨ ਸਿੱਧੀ ਟੱਕਰ ਵਿੱਚ ਉਹ ਸ਼ਰੀਕਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਉਂਜ ਵੀ ਜੇ ਉਹ ਕਤਲ ਕਰਦਾ ਤਾਂ ਪੁਲੀਸ ਨੇ ਫੜ ਕੇ ਜੇਲ੍ਹ ਵਿੱਚ ਤੁੰਨ ਦੇਣਾ ਸੀ ਤੇ ਪਿੱਛੋਂ ਗੰਗਾ ਸਿੰਘ ਨੇ ਫਿਰ ਵੀ ਨਹੀਂ ਸੀ ਬਚਣਾ। ਕਈ ਦਿਨ ਸੋਚਣ ਤੋਂ ਬਾਅਦ ਉਹ ਗੰਗਾ ਸਿੰਘ ਤੇ ਤੇਜ ਕੌਰ ਨੂੰ ਸਹੁਰੀਂ ਛੱਡ ਕੇ ਅੰਮ੍ਰਿਤਸਰੋਂ ਹਰਿਦੁਆਰ ਵਾਲੀ ਗੱਡੀ ਚੜ੍ਹ ਗਿਆ। ਉੱਥੇ ਉਸ ਦਾ ਪੁਰਾਣਾ ਦੋਸਤ ਗੋਪਾਲ ਸਿੰਘ, ਬਾਵਾ ਗੋਪਾਲ ਦਾਸ ਬਣਕੇ ਆਸ਼ਰਮ ਖੋਲ੍ਹੀ ਬੈਠਾ ਸੀ। ਗੋਪਾਲ ਦਾਸ ਨੇ ਸਾਰੀ ਜ਼ਿੰਦਗੀ ਕੋਈ ਚੰਗਾ ਕੰਮ ਨਹੀਂ ਸੀ ਕੀਤਾ, ਪਰ ਪਿਛਲੀ ਉਮਰੇ ਸਭ ਕੁਝ ਛੱਡ ਕੇ ਸਾਧ ਬਣ ਗਿਆ ਸੀ। ਹਰਨਾਮ ਸਿੰਘ ਨੇ ਉਸ ਨੂੰ ਸਾਰੀ ਵਿਥਿਆ ਖੋਲ੍ਹ ਕੇ ਦੱਸੀ ਤੇ ਉਸ ਦੇ ਗਲ ਲੱਗ ਕੇ ਉੱਚੀ ਉੱਚੀ ਰੋਣ ਲੱਗ ਪਿਆ। ਇਕੱਲੇ ਪੁੱਤਰ ਦੇ ਸਿਰ 'ਤੇ ਮੌਤ ਨੱਚਦੀ ਵੇਖ ਕੇ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾਇਆ ਹੋਇਆ ਸੀ। ਦੋਵਾਂ ਨੇ ਨਿੱਤ ਦੀ ਘੀਸ ਘੀਂਸ ਖ਼ਤਮ ਕਰਨ ਲਈ ਇੱਕ ਖ਼ਤਰਨਾਕ ਯੋਜਨਾ ਬਣਾਈ ਤੇ ਹਰਨਾਮ ਸਿੰਘ ਵਾਪਸ ਪਿੰਡ ਆ ਗਿਆ। ਉਹ ਆਮ ਵਾਂਗ ਰੋਜ਼ਮਰ੍ਹਾ ਦੇ ਕੰਮ ਕਰਨ ਲੱਗ ਪਿਆ ਤੇ ਸ਼ਰੀਕਾਂ ਨੂੰ ਇਉਂ ਮਿਲਦਾ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਕੁਝ ਦਿਨਾਂ ਬਾਅਦ ਗੋਪਾਲ ਦਾਸ ਨੇ ਵੀ ਚੇਲਿਆਂ ਸਮੇਤ ਉਸ ਦੇ ਪਿੰਡ ਆਣ ਉਤਾਰਾ ਕੀਤਾ। ਹਰਨਾਮ ਸਿੰਘ ਨੇ ਬੈਂਡ ਵਾਜਿਆਂ ਨਾਲ ਉਸ ਦਾ ਸਵਾਗਤ ਕੀਤਾ ਤੇ ਲੋਕਾਂ ਵਿੱਚ ਪ੍ਰਚਾਰ ਕਰ ਦਿੱਤਾ ਕਿ ਰਿੱਧੀਆਂ ਸਿੱਧੀਆਂ ਦੇ ਮਾਲਕ ਮੇਰੇ ਗੁਰੂ ਹਿਮਾਲਿਆ ਪਰਬਤ ਤੋਂ ਪਧਾਰੇ ਹਨ। ਹਰਨਾਮ ਸਿੰਘ ਦੇ ਘਰ ਕਥਾ-ਕੀਰਤਨ ਅਤੇ ਹਵਨ ਯੱਗ ਦੇ ਦੌਰ ਚੱਲ ਪਏ। ਮਿੱਠੇ ਚੌਲਾਂ ਤੇ ਲੱਡੂ ਜਲੇਬੀਆਂ ਦੇ ਲੰਗਰ ਲੱਗ ਗਏ। ਜਦੋਂ ਗੋਪਾਲ ਦਾਸ ਨੇ ਹਰਨਾਮ ਸਿੰਘ ਦੀ ਸੇਵਾ ਤੋਂ ਜ਼ਿਆਦਾ ਪ੍ਰਸੰਨ ਹੋ ਜਾਣਾ ਤਾਂ ਹੁਕਮ ਦੇਣਾ, ਜਾਹ! ਘਰ ਦੀ ਫਲਾਣੀ ਨੁੱਕਰ ਪੁੱਟ, ਰੱਬ ਭਲੀ ਕਰੇਗਾ। ਹਰਨਾਮ ਸਿੰਘ ਨੇ ਬਾਬਿਆਂ ਦੇ ਪੈਰਾਂ ਨੂੰ ਹੱਥ ਲਾ ਕੇ, ਜਲ ਛਿੜਕ ਕੇ ਜਾਣਬੁੱਝ ਕੇ ਲੋਕਾਂ ਨੂੰ ਵਿਖਾ ਕੇ ਜਗ੍ਹਾ ਪੁੱਟਣੀ ਤਾਂ ਕਦੇ ਸੋਨੇ ਦੀ ਅੰਗੂਠੀ, ਕਦੇ ਹਾਰ ਤੇ ਕਦੇ ਚਾਂਦੀ ਦੇ ਸਿੱਕਿਆਂ ਦਾ ਭਰਿਆ ਘੜਾ ਨਿਕਲ ਆਉਣਾ। ਉਹ ਗੱਲ ਵੱਖਰੀ ਹੈ ਕਿ ਸਾਮਾਨ ਪਹਿਲਾਂ ਹੀ ਗੁਪਤ ਤੌਰ 'ਤੇ ਦਬਾਇਆ ਗਿਆ ਹੁੰਦਾ ਸੀ। ਹੌਲੀ ਹੌਲੀ ਸਾਰੇ ਪਿੰਡ ਵਿੱਚ ਖ਼ਬਰ ਫੈਲ ਗਈ ਕਿ ਮਹਾਨ ਕਰਨੀ ਵਾਲੇ ਸੰਤ, ਹਰਨਾਮ ਸਿੰਘ ਨੂੰ ਖ਼ਜ਼ਾਨੇ ਬਖ਼ਸ਼ ਰਹੇ ਹਨ। ਹੌਲੀ ਹੌਲੀ ਹਰਨਾਮ ਸਿੰਘ ਦੇ ਦੁਸ਼ਮਣ ਵੀ ਬਾਬਿਆਂ ਦੇ ਲੱਤਾਂ ਗੋਡੇ ਘੁੱਟਣ ਲੱਗ ਪਏ। ਇੱਕ ਦਿਨ ਮੌਕਾ ਵੇਖ ਕੇ ਉਨ੍ਹਾਂ ਵਿੱਚੋਂ ਕੁਝ ਜ਼ਿਆਦਾ ਕਾਹਲੇ ਸੰਤੇ ਟਾਂਡੇ ਭੰਨ ਨੇ ਬਾਬੇ ਨੂੰ ਬੇਨਤੀ ਕੀਤੀ, ਬਾਬਾ ਜੀ ਕ੍ਰਿਪਾ ਕਰੋ। ਸਾਨੂੰ ਵੀ ਕੋਈ ਖ਼ਜ਼ਾਨਾ ਬਖ਼ਸ਼ ਦਿਉ। ਇਹੋ ਤਾਂ ਗੋਪਾਲ ਦਾਸ ਤੇ ਹਰਨਾਮ ਸਿੰਘ ਚਾਹੁੰਦੇ ਸਨ। ਫਿਰ ਵੀ ਨਕਲੀ ਗੁੱਸੇ ਨਾਲ ਬਾਬੇ ਨੇ ਕੱਸ ਕੇ ਸੰਤੇ ਦੀ ਵੱਖੀ ਵਿੱਚ ਲੱਤ ਮਾਰੀ, ਹਟ ਪਰ੍ਹੇ ਦੁਸ਼ਟਾ। ਖ਼ਜ਼ਾਨੇ ਇਸ ਤਰ੍ਹਾਂ ਨਹੀਂ ਮਿਲਦੇ ਹੁੰਦੇ। ਹਰਨਾਮ ਸਿੰਘ ਨੇ ਤਾਂ ਮੇਰੇ ਨਾਲ ਰਾਤਾਂ ਜਾਗ ਜਾਗ ਕੇ ਛਿਲੇ ਕੱਟੇ ਨੇ ਤਾਂ ਕਿਤੇ ਜਾ ਕੇ ਉਸ 'ਤੇ ਮਾਤਾ ਲਕਸ਼ਮੀ ਦੀ ਕ੍ਰਿਪਾ ਹੋਈ ਐ। ਢਿੱਡੋਂ ਖ਼ੁਸ਼ ਹੁੰਦਾ ਗੋਪਾਲ ਦਾਸ ਗਰਜਿਆ। ਸਾਰੇ ਸ਼ਰੀਕਾਂ ਨੇ ਲੰਮੇ ਪੈ ਕੇ ਗੋਪਾਲ ਦਾਸ ਦੇ ਚਰਨ ਫੜ ਲਏ ਤੇ ਡੰਡੌਤ ਕਰਦੇ ਹੋਏ ਬਖ਼ਸ਼ਿਸ਼ਾਂ ਕਰਨ ਦੀਆਂ ਬੇਨਤੀਆਂ ਕਰਨ ਲੱਗੇ, ਪਰ ਗੋਪਾਲ ਦਾਸ ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢ ਕੇ ਭਜਾ ਦਿੱਤਾ। ਅਖੀਰ ਕਈ ਦਿਨਾਂ ਬਾਅਦ ਹਰਨਾਮ ਸਿੰਘ ਦੀ ਸ਼ਿਫਾਰਸ਼ ਮੰਨ ਕੇ ਬਾਬਾ ਪ੍ਰਸੰਨ ਹੋਇਆ। ਬਾਬੇ ਨੇ ਫਰਮਾਇਆ ਕਿ ਆਉਣ ਵਾਲੀ ਜੇਠ ਦੀ ਮੱਸਿਆ ਦੀ ਰਾਤ ਟੂਣਾ ਕਰਕੇ ਦੇਵੀ ਨੂੰ ਪ੍ਰਸੰਨ ਕੀਤਾ ਜਾਵੇਗਾ।

ਬਾਬੇ ਨੇ ਹੁਕਮ ਦਿੱਤਾ, ਮੱਸਿਆ ਦੀ ਰਾਤ ਨੂੰ 12 ਵਜੇ ਸ਼ਹਾਬਪੁਰੇ ਵਾਲੀ ਨਹਿਰ ਦੇ ਸੁੰਨੇ ਪੁਲ ਉੱਪਰ ਇੱਕ ਕਾਲਾ ਬੱਕਰਾ, ਦੋ ਕਿੱਲੋ ਸੰਧੂਰ, ਪੰਜ ਕਿੱਲੋ ਸੂਰ ਦਾ ਮਾਸ, ਢਾਈ ਕਿੱਲੋ ਮਾਂਹ, 28 ਲੋਹੇ ਦੇ ਕਿੱਲ ਤੇ ਸੱਤ ਮੰਜੀਆਂ ਲੈ ਕੇ ਪਹੁੰਚ ਜਾਇਉ। ਜੇ ਲੇਟ ਹੋ ਗਏ ਤਾਂ ਖ਼ਜ਼ਾਨਾ ਗਿਆ ਸਮਝੋ। ਹਰਨਾਮ ਸਿੰਘ ਦੇ ਮੁੱਖ ਸੱਤ ਦੁਸ਼ਮਣ ਖ਼ਜ਼ਾਨੇ ਦੇ ਲਾਲਚ ਵਿੱਚ ਛਿਲਾ ਕੱਟਣ ਲਈ ਤਿਆਰ ਹੋ ਗਏ। ਅੱਧੀ ਰਾਤ ਨੂੰ ਸੱਤੇ ਜਣੇ ਬਾਬੇ ਅਤੇ ਦੋ ਸਭ ਤੋਂ ਵਿਸ਼ਵਾਸਪਾਤਰ ਚੇਲਿਆਂ ਨਾਲ ਸੁੰਨੇ ਪੁਲ 'ਤੇ ਪਹੁੰਚ ਗਏ। ਮੱਸਿਆ ਦੀ ਕਾਲੀ ਬੋਲੀ ਰਾਤ ਵਿੱਚ ਬਾਬੇ ਨੇ ਆਪਣਾ ਪਾਖੰਡ ਸ਼ੁਰੂ ਕਰ ਦਿੱਤਾ। ਕਾਲੇ ਬੱਕਰੇ ਦੀ ਬਲੀ ਦੇ ਕੇ ਉਸ ਦਾ ਖ਼ੂਨ ਮੰਜੀਆਂ ਦੇ ਪਾਵਿਆਂ 'ਤੇ ਲਾਇਆ ਗਿਆ। ਸੱਤਾਂ ਮੰਜੀਆਂ ਦੇ ਪਾਵਿਆਂ ਵਿੱਚ ਇੱਕ ਇੱਕ ਕਿੱਲ ਠੋਕਿਆ ਗਿਆ। ਬਾਬੇ ਨੇ ਸੰਧੂਰ ਮੂੰਹ 'ਤੇ ਮਲ ਕੇ ਬੜਾ ਖ਼ੌਫ਼ਨਾਕ ਭੇਸ ਬਣਾਇਆ ਹੋਇਆ ਸੀ। ਅੱਧਾ ਪੌਣਾ ਘੰਟਾ ਪੁੱਠੇ ਸਿੱਧੇ ਮੰਤਰ ਪੜ੍ਹ ਕੇ ਬਾਬੇ ਨੇ ਸਮੱਗਰੀ ਜਲ ਪ੍ਰਵਾਹ ਕਰ ਦਿੱਤੀ। ਮੰਤਰ ਪੜ੍ਹਦਾ ਬਾਬਾ ਕੜਕਿਆ, ਹੋ ਗਈ ਦੇਵੀ ਦਿਆਲ, ਚਲੋ ਸਾਰੇ ਇੱਕ ਦੂਜੇ ਨੂੰ ਮੰਜੀਆਂ ਨਾਲ ਬੰਨ੍ਹੋ। ਹੁਣ ਆਖ਼ਰੀ ਮੰਤਰ ਪੜ੍ਹਦੇ ਹੀ ਖ਼ਜ਼ਾਨੇ ਦੇਣ ਵਾਲੀ ਦੇਵੀ ਪ੍ਰਗਟ ਹੋਵੇਗੀ। ਲਾਲਚ ਵਿੱਚ ਅੰਨ੍ਹੇ ਹੋਏ ਦੁਸ਼ਮਣਾਂ ਨੇ ਮੰਜੀਆਂ ਦੀਆਂ ਪੈਂਦਾਂ ਖੋਲ੍ਹ ਕੇ ਖ਼ੁਦ ਹੀ ਇੱਕ ਦੂਜੇ ਨੂੰ ਕੱਸ ਕੱਸ ਕੇ ਮੰਜੀਆਂ ਨਾਲ ਬੰਨ੍ਹ ਦਿੱਤਾ। ਕਿਸੇ ਨੇ ਨਾ ਪੁੱਛਿਆ ਕਿ ਖ਼ਜ਼ਾਨੇ ਦਾ ਮੰਜੀਆਂ ਨਾਲ ਕੀ ਸਬੰਧ ਹੈ? ਆਖ਼ਰੀ ਬੰਦੇ ਨੂੰ ਬਾਬਿਆਂ ਨੇ ਆਪਣੇ ਕਰ ਕਮਲਾਂ ਨਾਲ ਮੰਜੀ ਨਾਲ ਨੂੜ ਦਿੱਤਾ। ਜਦੋਂ ਸਾਰੇ ਬੰਨ੍ਹ ਦਿੱਤੇ ਗਏ ਤਾਂ ਬਾਬੇ ਨੇ ਆਵਾਜ਼ ਮਾਰੀ, ਆ ਜਾ ਭਾਈ ਹਰਨਾਮ ਸਿੰਹਾਂ, ਕੰਮ ਸਿੱਧ ਹੋ ਗਿਆ। ਨੇੜੇ ਹੀ ਲੁਕਿਆ ਹਰਨਾਮ ਸਿੰਘ ਛਾਲ ਮਾਰ ਕੇ ਬਾਹਰ ਨਿਕਲਿਆ। ਹਰਨਾਮ ਸਿੰਘ ਨੂੰ ਵੇਖ ਕੇ ਸ਼ਰੀਕਾਂ ਨੂੰ ਸਮਝ ਆ ਗਿਆ ਕਿ ਧੋਖਾ ਹੋ ਗਿਆ ਹੈ। ਉਹ ਛਟਪਟਾਉਣ ਲੱਗੇ, ਮੁਆਫ਼ੀਆਂ ਮੰਗ ਕੇ ਬਚਾਅ ਲਈ ਚੀਕਾਂ ਮਾਰਨ ਲੱਗੇ, ਪਰ ਸਮਾਂ ਲੰਘ ਚੁੱਕਾ ਸੀ। ਉਸ ਰਸਤੇ ਡਰਦੇ ਮਾਰੇ ਦਿਨੇ ਕੋਈ ਨਹੀਂ ਸੀ ਲੰਘਦਾ, ਰਾਤ ਨੂੰ ਕਿਸ ਨੇ ਆਉਣਾ ਸੀ। ਹਰਨਾਮ ਸਿੰਘ ਨੇ ਫਟਾਫਟ ਬਾਬੇ ਅਤੇ ਚੇਲਿਆਂ ਦੀ ਮਦਦ ਨਾਲ ਸ਼ਰੀਕਾਂ ਨੂੰ ਮੰਜੀਆਂ ਸਮੇਤ ਵਗਦੀ ਨਹਿਰ ਵਿੱਚ ਵਗਾਹ ਮਾਰਿਆ। ਉਨ੍ਹਾਂ ਦੀ ਅੱਜ ਤਕ ਉੱਘ

ਜਦੋਂ ਮੈਂ ਪੈਰਾਗਲਾਈਡਿੰਗ ਲਈ ਬੀੜ ਬਿਲਿੰਗ ਗਿਆ

■ ਪ੍ਰੋ. ਕੁਲਬੀਰ ਸਿੰਘ

ਜਦੋਂ ਵੀ ਮੈਂ ਪਾਲਮਪੁਰ ਜਾਂਦਾ ਹਾਂ ਤਾਂ ਖੇਤੀਬਾੜੀ ਯੂਨੀਵਰਸਿਟੀ ਦੇ ਗੈਸਟ ਹਾਊਸ ਜਾਂ ਹਿਮਾਚਲ ਟੂਰਿਜ਼ਮ ਦੇ ਹੋਟਲ ਵਿੱਚ ਠਹਿਰਦਾ ਹਾਂ। ਮੈਂ ਜਲੰਧਰ ਤੋਂ ਸਵੇਰੇ ਦਸ ਵਜੇ ਚੱਲ ਕੇ ਬਾਅਦ ਦੁਪਹਿਰ ਤਿੰਨ ਵਜੇ ਹੋਟਲ ਪੁੱਜ ਗਿਆ।

ਅਗਲੇ ਦਿਨ ਕਾਰ ਦਾ ਪ੍ਰਬੰਧ ਕਰਕੇ ਮੈਂ ਡਰਾਈਵਰ ਸਮੇਤ ਦਸ ਵਜੇ ਬੀੜ ਬਿਲਿੰਗ ਲਈ ਚੱਲ ਪਿਆ। ਡਰਾਈਵਰ ਨੂੰ ਦੱਸ ਦਿੱਤਾ ਸੀ ਕਿ ਮੈਂ ਪੈਰਾਗਲਾਈਡਿੰਗ ਕਰਨ ਅਤੇ ਵੇਖਣ ਦੇ ਮਕਸਦ ਨਾਲ ਵਿਸ਼ੇਸ਼ ਤੌਰ 'ਤੇ ਆਇਆ ਹਾਂ। ਇਹ ਦੱਸਣ ਦੀ ਦੇਰ ਸੀ ਕਿ ਡਰਾਈਵਰ ਨੇ ਕਾਫ਼ੀ ਜਾਣਕਾਰੀ ਮੁਹੱਈਆ ਕਰ ਦਿੱਤੀ। ਕਈ ਵਿਦੇਸ਼ੀ ਸੈਲਾਨੀ ਬਿਲਿੰਗ ਤੋਂ ਪੈਰਾਗਲਾਈਡਿੰਗ ਕਰਦੇ ਹੋਏ ਮਨਾਲੀ ਚਲੇ ਜਾਂਦੇ ਹਨ। ਇਹ ਸੁਣਦੇ ਸਾਰ ਮੈਂ ਡਾਢਾ ਹੈਰਾਨ ਹੋਇਆ। ਜਦੋਂ ਉਸ ਨੇ ਦੱਸਿਆ ਕਿ ਅਜਿਹਾ ਕਰਦੇ ਸਮੇਂ ਕਈ ਵਾਰ ਵੱਡੇ ਹਾਦਸੇ ਵਾਪਰ ਜਾਂਦੇ ਹਨ ਤਾਂ ਮੇਰੀ ਹੈਰਾਨੀ, ਪ੍ਰੇਸ਼ਾਨੀ ਵਿੱਚ ਬਦਲ ਗਈ।

ਬੀੜ ਬਿਲਿੰਗ ਹਿਮਾਚਲ ਦੀ ਬਿਹਤਰੀਨ ਪੈਰਾਗਲਾਈਡਿੰਗ ਸਾਈਟ ਮੰਨੀ ਜਾਂਦੀ ਹੈ। 2015 ਵਿੱਚ ਇੱਥੇ ਵਰਲਡ ਕੱਪ ਮੁਕਾਬਲੇ ਹੋਏ ਸਨ ਜਿਸ ਵਿੱਚ 140 ਮੁਲਕਾਂ ਨੇ ਹਿੱਸਾ ਲਿਆ ਸੀ। 1984 ਵਿੱਚ ਹੋਈ 'ਹੈਂਗ ਗਲਾਈਡਿੰਗ ਰੈਲੀ' ਸਮੇਂ ਇਹ ਸਥਾਨ ਪਹਿਲੀ ਵਾਰ ਚਰਚਾ ਵਿੱਚ ਆਇਆ ਸੀ। ਬੀੜ ਤੋਂ ਬਿਲਿੰਗ ਤਕ 14 ਕਿਲੋਮੀਟਰ ਰੌਕ ਰੋਡ ਰਾਹੀਂ ਜਾਣਾ ਪੈਂਦਾ ਹੈ। ਇਹ ਰੌਕ ਰੋਡ 1962 ਵਿੱਚ ਬਣਾਈ ਗਈ ਸੀ। ਬਿਲਿੰਗ ਦੀ ਚੋਟੀ 'ਤੇ ਖੜ੍ਹ ਕੇ ਮਨਮੋਹਕ ਦ੍ਰਿਸ਼ ਵੇਖਣ ਦਾ ਆਪਣਾ ਹੀ ਆਨੰਦ ਹੈ। ਚਾਹ ਦੇ ਖੇਤ ਬੀੜ ਪਿੰਡ ਦੇ ਕੁਦਰਤੀ ਸੁਹੱਪਣ ਨੂੰ ਚਾਰ ਚੰਦ ਲਾਉਂਦੇ ਹਨ।

ਪਾਰਕਿੰਗ ਤੋਂ ਸਾਹਮਣੇ ਵਿਸ਼ਾਲ ਖ਼ੂਬਸੂਰਤ ਹਰੀ ਭਰੀ ਵਾਦੀ ਨਜ਼ਰ ਆਈ। ਇੱਥੋਂ ਪੈਰਾਗਲਾਈਡਿੰਗ ਕਰਨ ਵਾਲੇ ਲੌਂਡ ਕਰਦੇ ਹਨ। ਮੈਂ ਸਮੁੱਚਾ ਆਲਾ-ਦੁਆਲਾ ਨਿਹਾਰਿਆ। ਲੌਂਡ ਕਰ ਰਹੇ ਪਾਇਲਟਾਂ ਨੂੰ ਨੀਝ ਨਾਲ ਨੇੜਿਓਂ ਵੇਖਿਆ। ਫਿਰ ਉਸ ਤਰਫ਼ ਨਜ਼ਰ ਦੌੜਾਈ ਜਿੱਥੋਂ ਉਡਾਣ ਭਰੀ ਜਾਂਦੀ ਹੈ। ਕੁਝ ਸਾਫ਼ ਨਜ਼ਰ ਨਾ ਆਇਆ, ਪਰ ਪੰਛੀਆਂ ਵਾਂਗ ਉੱਚੀਆਂ-ਨੀਵੀਆਂ ਉੱਡਦੀਆਂ ਰੰਗ-ਬਿਰੰਗੀਆਂ ਧਾਰੀਦਾਰ ਛੱਤਰੀਆਂ ਦਿਸੀਆਂ। ਆਲੇ-ਦੁਆਲੇ ਮੇਰੇ ਵਰਗੇ ਹੋਰ ਬਥੇਰੇ ਲੋਕ ਸਨ ਜਿਹੜੇ ਇਹ ਸਭ ਵੇਖਣ-ਮਾਣਨ ਆਏ ਸਨ। ਕੁਝ ਉਹ ਸਨ, ਜਿਨ੍ਹਾਂ ਦੇ ਸਾਥੀ ਉਡਾਣ ਭਰਨ ਗਏ ਸਨ ਅਤੇ ਉਹ 'ਲੈਂਡਿੰਗ ਪੁਆਇੰਟ' ਉੱਤੇ ਉਡੀਕ ਕਰ ਰਹੇ ਸਨ। ਨੇੜੇ ਹੀ ਚਾਹ ਦੇ ਖੋਖੇ 'ਤੇ ਛਾਵੇਂ ਬੈਠੇ ਵਿਦੇਸ਼ੀਆਂ ਦਾ ਝੁੰਡ ਖਾ-ਪੀ ਰਿਹਾ ਸੀ। ਡਰਾਈਵਰ ਅਤੇ ਪੈਰਾਗਲਾਈਡਿੰਗ ਕਰਵਾਉਣ ਵਾਲਿਆਂ ਤੋਂ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛ ਕੇ ਮੈਂ ਜਾਣਕਾਰੀ ਹਾਸਲ ਕਰਨ ਲੱਗਾ। ਦਰਅਸਲ, ਇੱਥੋਂ ਉਹ ਆਪਣੀ ਕਾਰ ਜਾਂ ਜੀਪ 'ਤੇ 14 ਕਿਲੋਮੀਟਰ ਉੱਪਰ ਬਿਲਿੰਗ ਲੈ ਕੇ ਜਾਂਦੇ ਹਨ ਅਤੇ ਫੀਸ ਇੱਥੇ ਅਗਾਊਂ ਜਮ੍ਹਾਂ ਕਰਵਾਉਣੀ ਹੁੰਦੀ ਹੈ। ਮਨ ਵਿੱਚ ਕਈ ਸ਼ੰਕੇ ਤੇ ਸਵਾਲ ਸਨ। ਮੈਂ ਇਸ ਸ਼ਰਤ 'ਤੇ 2500 ਰੁਪਏ ਜਮ੍ਹਾਂ ਕਰਵਾਏ ਕਿ ਜੇਕਰ ਮਨ ਮੰਨੇਗਾ ਤਾਂ ਪੈਰਾਗਲਾਈਡਿੰਗ ਕਰਾਂਗਾ, ਜੇ ਨਹੀਂ ਮੰਨੇਗਾ ਤਾਂ ਨਹੀਂ ਕਰਾਂਗਾ। ਬੀੜ ਤੋਂ ਬਿਲਿੰਗ ਸੌੜੀ ਸੜਕ ਦਾ ਪੈਂਡਾ ਖੇਫ਼ ਤੇ ਉਤਸ਼ਾਹ ਦੇ ਰਲੇ-ਮਿਲੇ ਭਾਵਾਂ

ਸਿੱਖੀ ਸਿਦਕ ਦੇ ਪ੍ਰਤੀਕ ਬੀਬੀ ਕੌਲਾਂ ਜੀ

ਕੁਲਦੀਪ ਸਿੰਘ ਸਲਗਾਨੀਆ

ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਸਿੱਖੀ ਲਹਿਰ ਨੂੰ ਬੀਰ-ਰਸੀ ਭਾਵਨਾ ਨਾਲ ਜੋੜ ਕੇ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਭਗਤੀ ਤੇ ਸ਼ਕਤੀ ਨੂੰ ਇਕੱਤਰ ਕਰਨ ਵਾਲੇ ਦਲ ਭੰਜਨ ਗੁਰ ਸੂਰਮੇ ਦੇ ਇਤਿਹਾਸ ਨਾਲ ਜੁੜੀ ਬੀਬੀ ਕੌਲਾਂ ਦੀ ਜਗਤ ਪ੍ਰਸਿੱਧ ਸਾਖੀ ਸ਼ਰਧਾ ਭਾਵਨਾ ਦੇ ਆਕਾਸ਼ ਵਿਚ ਧਰੁਵ ਤਾਰੇ ਵਾਂਗ ਚਮਕਦੀ ਹੈ। ਲਾਹੌਰ ਦੀ ਸੰਜਮ ਬਸਤੀ ਦੇ ਕਾਜ਼ੀ ਰੁਸਤਮ ਖ਼ਾਂ ਦੇ ਘਰ ਪਲ ਕੇ ਜਵਾਨ ਹੋਈ ਇਸ ਬੇਟੀ ਦਾ ਸੁਭਾਅ ਬਚਪਨ ਤੋਂ ਹੀ ਪਰਮਾਰਥ ਦੀ ਖੋਜ ਵੱਲ ਸੀ। ਖ਼ੁਦਾ ਦੇ ਪਿਆਰ ਦੀ ਤਲਬ ਸਦਕਾ ਉਸਨੂੰ ਉਸ ਵਕਤ ਦੇ ਮਹਾਨ ਸੂਫ਼ੀ ਦਰਵੇਸ਼ ਸਾਈਂ ਮੀਆਂ ਮੀਰ ਜੀ ਦੀ ਸੰਗਤ ਨਸੀਬ ਹੋਈ ਜਿੱਥੇ ਉਸਦੀ ਵਿਚਾਰਧਾਰਕ ਸਾਂਝ ਗੁਰੂ ਨਾਨਕ ਦੇ ਘਰ ਨਾਲ ਜੁੜੀ। ਸਾਈਂ ਮੀਆਂ ਮੀਰ ਨੇ ਗੁਰੂ ਹਰਿਗੋਬਿੰਦ ਜੀ ਦੀ ਉਪਮਾ ਕਰਕੇ ਉਸਦੇ ਦਿਲ ਅੰਦਰ ਹਜ਼ੂਰ ਦੇ ਦਰਸ਼ਨਾਂ ਦੀ ਤਾਂਘ ਪੈਦਾ ਕਰ ਦਿੱਤੀ। ਸਤਿਗੁਰੂ ਦੇ ਦਰਸ਼ਨ ਕਰਨ ਉਪਰੰਤ ਉਸਦੀ ਆਤਮਾ ਗੁਰਬਾਣੀ ਦੇ ਪਿਆਰ ਵਿਚ ਇਸ ਤਰ੍ਹਾਂ ਰੰਗੀ ਗਈ ਕਿ ਹਰੇਕ ਵਕਤ ਬਾਣੀ ਦੇ ਸ਼ਬਦ ਦਾ ਜਾਪ ਹੁੰਦਾ ਰਹਿੰਦਾ। ਇਕ ਪਾਸੇ ਕੱਟੜਪੰਥੀ ਖ਼ਿਆਲਾਂ ਦੇ ਮਾਲਕ ਪਿਤਾ ਕਾਜ਼ੀ ਰੁਸਤਮ ਖ਼ਾਨ ਦਾ ਕ੍ਰੋਧ ਇੰਨਾ ਵਧਿਆ ਕਿ ਉਸ ਨੇ ਕੌਲਾਂ ਨੂੰ ਇਸਲਾਮ ਵਿਰੁੱਧ ਕਹਿ ਕੇ ਮੌਤ ਦਾ ਫਤਵਾ ਜਾਰੀ ਕਰਵਾ ਦਿੱਤਾ।

ਬੀਬੀ ਕੌਲਾਂ ਜੀ ਦੇ ਮਾਤਾ ਨੇ ਉਸ ਨੂੰ ਸਾਈਂ ਮੀਆਂ ਮੀਰ ਕੋਲ ਭੇਜ ਦਿੱਤਾ ਅਤੇ ਕਿਹਾ ਕਿ ਕਿਸੇ ਤਰੀਕੇ ਬੱਚੀ ਨੂੰ ਬਚਾਓ। ਸਾਈਂ ਮੀਆਂ ਮੀਰ ਜੀ ਨੇ ਆਪਣੇ ਨੌਕਰ ਅਬਦੁੱਲਾ ਸ਼ਾਹ ਨਾਲ ਬੀਬੀ ਕੌਲਾਂ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸ਼ਰਨ ਭੇਜ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਵੱਖਰਾ ਪ੍ਰਬੰਧ ਕਰ ਕੇ ਕੌਲਾਂ ਜੀ ਨੂੰ 'ਮਾਧੋ ਕੀ ਬਰਾੜ' ਰੁਕਦੇ ਹੋਏ ਅੰਮ੍ਰਿਤਸਰ ਲੈ ਆਏ। ਗੁਰੂਘਰ ਆ ਕੇ ਗੁਰਬਾਣੀ ਦੇ ਕੀਰਤਨ ਅਤੇ ਨਿਤਾਪ੍ਰਤੀ ਸੰਗਤ ਕਰਦਿਆਂ ਆਤਮਿਕ ਅਵਸਥਾ ਸਿਖ਼ਰ ਤਕ ਜਾ ਪੁੱਜੀ ਸੀ। ਸਾਰਾ-ਸਾਰਾ ਦਿਨ ਇਕਾਂਤ ਵਿਚ ਬੈਠ ਕੇ ਸਿਮਰਨ ਅਭਿਆਸ ਕਰਨਾ ਦਾ ਹਿੱਸਾ ਬਣ ਗਿਆ। ਸਤਿਗੁਰੂ ਨੇ ਉਸਦੀ ਦਿਲੀ ਇੱਛਾ ਨੂੰ ਪੂਰਾ ਕਰਦਿਆਂ ਆਪਣੇ ਹੱਥੀਂ ਕੋਲਸਰ ਸਰੋਵਰ ਦਾ ਨਿਰਮਾਣ ਕਰ ਕੇ ਉਸਨੂੰ ਸਦੀਵ ਕਾਲ ਅਮਰ ਕਰ ਦਿੱਤਾ। ਮਨੁੱਖੀ ਜੀਵਨ ਦੇ ਮਨੋਰਥ ਨੂੰ ਪੂਰਾ ਕਰ ਕੇ ਕਰਤਾਰਪੁਰ ਦੀ ਧਰਤੀ 'ਤੇ ਬੀਬੀ ਕੌਲਾਂ ਜੀ ਨੇ ਆਤਮਾ ਨੂੰ ਸਰੀਰਕ ਪਿੰਜਰੇ ਤੋਂ ਮੁਕਤ ਕਰ ਕੇ ਪਰਮੇਸ਼ਵਰ ਨਾਲ ਅਭੇਦ ਕਰ ਲਿਆ। ਉਸਦੀ ਅਦੁੱਤੀ ਸ਼ਰਧਾ ਨੂੰ ਪ੍ਰੇਮ ਕਰਦਿਆਂ ਸਿੱਖ ਸੰਗਤਾਂ ਵਿਚ ਉਸ ਦੇਵੀ ਨੂੰ ਮਾਤਾ ਕੌਲਾਂ ਜੀ ਕਹਿ ਕੇ ਸਤਿਕਾਰਿਆ ਜਾਂਦਾ ਹੈ।

ਬੀਬੀ ਕੌਲਾਂ ਦੀ ਸਿਦਕ ਭਰਪੂਰ ਕਹਾਣੀ ਇਸ ਗੱਲ ਦੀ ਗਵਾਹ ਹੈ ਕਿ ਗੁਰੂ ਜੀ 'ਤੇ ਭਰੋਸਾ ਰੱਖ ਕੇ ਬੰਦਗੀ ਕਰਨ ਵਾਲੀਆਂ ਰੂਹਾਂ ਕਦੇ ਮਰਦੀਆਂ ਨਹੀਂ। ਅੱਜ ਸੰਸਾਰ ਅੰਦਰ ਬੀਬੀ ਕੌਲਾਂ ਜੀ ਦੇ ਨਾਂ ਉੱਤੇ ਅਨੇਕਾਂ ਧਾਰਮਿਕ ਅਤੇ ਸਮਾਜ-ਸੇਵੀ ਸੰਸਥਾਵਾਂ ਚੱਲ ਰਹੀਆਂ ਹਨ।

ਮੋਬਾਈਲ 73552-32490

ਉਮਰਾ

ਉਮਰਾ ਕਰਨ ਦੀ ਪ੍ਰਕਿਰਿਆ ਵਿਚ ਹੱਜ ਨਾਲੋਂ ਕੁਝ ਘੱਟ ਰਸਮਾਂ ਨਿਭਾਈਆਂ ਜਾਂਦੀਆਂ ਹਨ। ਉਮਰਾ ਕਰਨਾ ਫ਼ਰਜ਼ ਨਹੀਂ, ਨਫ਼ਲੀ ਇਬਾਦਤ ਹੈ...

ਅਰਬੀ ਮਹੀਨੇ ਜ਼ਿੱਲ-ਹਿੱਜਾ ਦੌਰਾਨ ਹੱਜ ਦੇ ਦਿਨਾਂ ਨੂੰ ਛੱਡ ਕੇ ਸਾਲ ਦੇ ਬਾਕੀ ਮਹੀਨਿਆਂ ਦੇ ਦਿਨਾਂ ਵਿਚ ਜਦੋਂ ਮੱਕਾ ਸ਼ਰੀਫ਼ ਦੀ ਜ਼ਿਆਰਤ ਕੀਤੀ ਜਾਂਦੀ ਹੈ, ਉਸ ਨੂੰ ਉਮਰਾ ਕਿਹਾ ਜਾਂਦਾ ਹੈ। ਉਮਰਾ ਇਕ ਕਿਸਮ ਦਾ ਛੋਟਾ ਹੱਜ ਮੰਨਿਆ ਜਾਂਦਾ ਹੈ। ਉਮਰਾ ਕਰਨ ਦੀ ਪ੍ਰਕਿਰਿਆ ਵਿਚ ਹੱਜ ਨਾਲੋਂ ਕੁਝ ਘੱਟ ਰਸਮਾਂ ਨਿਭਾਈਆਂ ਜਾਂਦੀਆਂ ਹਨ। ਉਮਰਾ ਕਰਨਾ ਫ਼ਰਜ਼ ਨਹੀਂ ਹੈ, ਨਫ਼ਲੀ ਇਬਾਦਤ ਹੈ। ਉਮਰਾ ਕਰਨ ਦਾ ਜ਼ਿਕਰ ਕੁਰਆਨ ਮਜੀਦ ਦੀ ਸੂਰਹਾ ਅਲ-ਬਕਰ ਦੀ ਆਇਤ ਨੰਬਰ 196 ਵਿਚ ਆਇਆ ਹੈ ਕਿ ਅੱਲਾਹ ਦੀ ਰਜ਼ਾ ਲਈ ਹੱਜ ਅਤੇ ਉਮਰੇ ਦੀ ਨੀਅਤ ਕਰੋ ਅਤੇ ਉਸ ਨੂੰ ਪੂਰਾ ਕਰੋ। ਪੈਗ਼ੰਬਰੇ ਇਸਲਾਮ ਨੇ ਸੰਨ 629 ਈਸਵੀ ਨੂੰ ਉਮਰਾ ਕੀਤਾ ਸੀ। ਉਮਰਾ ਕਰਨ ਦੀ ਮਹੱਤਤਾ ਭਾਵੇਂ ਹੱਜ ਕਰਨ ਨਾਲੋਂ ਘੱਟ ਹੈ ਲੇਕਿਨ ਫਿਰ ਵੀ ਇਹ ਇਕ ਅਹਿਮ ਇਬਾਦਤ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ

ਭਾਈ ਘਨ੍ਹੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਦਰ ਸੋਹਦਰਾ ਅਤੇ ਹੁਣ ਸੋਯਰਾ (ਪਾਕਿਸਤਾਨ) ਹੈ।

ਧਰਮਸ਼ਾਲ ਦੀ ਸਾਜਨਾ

• **ਫ਼ਕੀਰ ਚੰਦ ਤੁਲੀ**

ਦੁਸ਼ਮਣ ਨਾ ਕੋਈ ਲੱਭੇ, ਤੇਰੇ ਨੇ ਮੁੱਖ ਸੱਭੇ,
ਸੱਭੇ ਨੇ ਮੁੱਖ ਤੇਰੇ, ਤੈਨੂੰ ਰਿਝਾ ਰਿਹਾ ਹਾਂ
ਸੇਵਾ ਮੇਰੀ ਨੂੰ ਤੋਲੇ, ਇਹ ਜਗਤ-ਕਾਰੋਬਾਰੀ
ਮੈਂ ਕੀ ਕਮਾ ਰਿਹਾ ਹਾਂ, ਮੈਂ ਕੀ ਗੁਆ ਰਿਹਾ ਹਾਂ
ਤੈਨੂੰ ਕਮਾ ਕੇ ਦਾਤਾ, ਆਪਾ ਮਿਟਾ ਕੇ ਦਾਤਾ,
ਤ੍ਰਿਲੋਕੀਆਂ ਨੂੰ ਤੇਰੇ, ਮੁਖੜੇ 'ਚੋਂ ਪਾ ਰਿਹਾ ਹਾਂ।
ਆਪੇ ਹੈ ਤੂੰ ਵਿਖਾਇਆ-ਹਰ ਦਿਲ 'ਚ ਤੂੰ ਸਮਾਇਆ,
ਤੇਰਾ ਦਿਲ ਵਿਖਾ ਰਿਹਾ ਹਾਂ, ਤੱਕਣਾ ਸਿਖਾ ਰਿਹਾ ਹਾਂ
ਗਗਨਾਂ ਦੇ ਥਾਲ ਜਗਦੇ, ਸੂਰਜ ਤੇ ਚੰਨ ਦੇ ਦੀਵੇ,
ਪਾਣੀ 'ਚ ਸੇਵਾ ਵਾਲੇ, ਦੀਵੇ ਤਰਾ ਰਿਹਾ ਹਾਂ।
ਮੇਰੇ ਮਨ 'ਚ ਤੇਰਾ ਮਨ ਹੈ, ਮੇਰੇ ਦਿਲ 'ਚ ਤੇਰਾ ਦਿਲ ਹੈ,
ਤੇਰਾ ਦਿਲ ਵਿਸ਼ਾਲ ਕਿੰਨਾ, ਤੇਰਾ ਦਿਲ ਵਖਾ ਰਿਹਾ ਹਾਂ।
ਜਹਾਂ ਕਹਾਂ ਇਕ ਰੂਪ ਤੁਮਾਰਾ
ਸਿੱਖ ਅਸਿੱਖ ਤੇ ਜਗਤ ਪਸਾਰਾ,
ਰੂਪ ਤੇਰਾ ਸਾਰੇ ਦਾ ਸਾਰਾ।
ਤੂੰ ਦਿਸਦਾ ਸਭ ਥਾਂ ਸਚਿਆਰਾ,
ਜਹਾਂ ਕਹਾਂ ਇਕ ਰੂਪ ਤੁਮ੍ਹਾਰਾ।
ਮੁੱਖ ਤੇਰਾ, ਤੇਰਾ ਉਜਿਆਰਾ,
ਠਰ ਜਾਂਦਾ ਜਿਸ ਤੋਂ ਅੰਗਿਆਰਾ
ਤੂੰ ਜਲ ਹੈਂ, ਤੂੰ ਹੈ ਜਲਧਾਰਾ
ਜਹਾਂ ਕਹਾਂ ਇਕ ਰੂਪ ਤੁਮ੍ਹਾਰਾ।
ਤੂੰ ਹਰ ਜਲ ਦਾ ਸਿਰਜਣਹਾਰਾ,

ਤੂੰ ਹਰ ਪਿਆਸ ਮਿਟਾਵਣਹਾਰਾ।
ਜਦ ਤੂੰ ਹੈ ਜਲ ਮੰਗਣਹਾਰਾ।
ਦੱਸ ਫਿਰ ਸਿੱਖ ਕੀ ਕਰੇ ਵਿਚਾਰਾ!
ਮੁੱਖ ਤੇਰੇ ਤੋਂ ਬਖਸ਼ਨਹਾਰਾ!
ਦੱਸ ਕੀਕਣ ਸਿੱਖ ਕਰੇ ਕਿਨਾਰਾ?
ਅਰਸ਼ ਫ਼ਰਸ਼ ਹਰ ਤਾਰਾ ਤਾਰਾ,
ਜਹਾਂ ਕਹਾਂ ਇਕ ਰੂਪ ਤੁਮਾਰਾ।
ਯੁੱਧ ਵਿਚ ਜਲ ਪਿਲਾਉਣ ਦੀ ਸਾਰਾ ਵਾਰਤਾ ਜਾਣ ਕੇ ਦਸਮੇਸ ਪਿਤਾ ਜੀ ਨੇ ਫੁਰਮਾਇਆ :
ਮੇਘਾ ਮਸ਼ਕ 'ਚ ਭਰ ਕੇ-
ਸਭ ਤੇ ਵਰ੍ਹਾ ਦਿਆ ਕਰ,
ਆਹ ਲੈ ਮਲ੍ਹਮ ਵੀ ਸਭ ਦੇ
ਜ਼ਖ਼ਮਾਂ ਤੇ ਲਾ ਦਿਆ ਕਰ। (ਸਮਾਪਤ)

ਸਮਾਪਤ

ਮੋਬਾਈਲ : 90419-19908

ਅਨੰਦਮਈ ਹੈ ਅਨੰਦੁ ਸਾਹਿਬ

ਇਕਵਾਕ ਸਿੰਘ ਪੱਟੀ

ਤੀਸਰੇ ਨਾਨਕ, ਗੁਰੂ ਅਮਰਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 19 ਰਾਗਾਂ ਅਧੀਨ ਬਾਣੀ ਸ਼ਾਮਲ ਹੈ ਅਤੇ ਸ਼ਬਦਾਂ ਦਾ ਕੁੱਲ ਜੋੜ 907 ਬਣਦਾ ਹੈ। ਆਪ ਜੀ ਦੀਆਂ ਉਚਾਰਣ ਬਾਣੀਆਂ ਵਿੱਚੋਂ ਰਾਮਕਲੀ ਰਾਗ ਵਿਚ ਆਪ ਜੀ ਦੀ ਬਾਣੀ 'ਅਨੰਦੁ' ਪੰਨਾ ਨੰਬਰ 917 ਤੋਂ 922 ਤਕ ਸੁਸ਼ੋਭਿਤ ਹੈ। ਅਨੰਦੁ ਬਾਣੀ ਨੂੰ ਸਤਿਕਾਰ ਸਹਿਤ 'ਅਨੰਦ ਸਾਹਿਬ' ਕਿਹਾ ਜਾਂਦਾ ਹੈ ਅਤੇ ਇਸ ਵਿਚ 40 ਪਉੜੀਆਂ ਹਨ। ਕੋਈ ਵਿਰਲਾ ਹੀ ਹੋਵੇਗਾ ਜੋ ਗੁਰੂ ਅਮਰਦਾਸ ਦੀ ਇਸ ਬਾਣੀ ਬਾਰੇ ਨਾ ਜਾਣਦਾ ਹੋਵੇ, ਕਿਉਂ ਜੁ ਸਿੱਖ ਵਿਚਾਰਧਾਰਾ ਅਨੁਸਾਰ ਪੂਰੀ ਦੁਨੀਆ ਵਿਚ ਜਿੱਥੇ ਕਿਤੇ ਵੀ ਨਿੱਜੀ ਜਾਂ ਪੰਥਕ ਤੌਰ 'ਤੇ ਕੋਈ ਧਾਰਮਿਕ ਸਮਾਗਮ ਹੁੰਦਾ ਹੈ ਤਾਂ ਉਸਦੀ ਸਮਾਪਤੀ ਮੌਕੇ ਅਨੰਦੁ ਸਾਹਿਬ ਦੀ ਬਾਣੀ ਵਿੱਚੋਂ ਪਹਿਲੀਆਂ ਪੰਜ ਪਉੜੀਆਂ ਅਤੇ 40ਵੀਂ ਆਖਰੀ ਪਉੜੀ ਨੂੰ ਕੀਰਤਨ ਜਾਂ ਸੰਗਤੀ ਰੂਪ

ਵਿਚ ਪੜ੍ਹਨ ਤੋਂ ਬਾਅਦ ਹੀ ਸਮਾਪਤੀ ਦੀ ਅਰਦਾਸ ਕੀਤੇ ਜਾਣ ਦੀ ਮਰਯਾਦਾ ਹੈ।

ਇਸਦੇ ਨਾਲ ਹੀ ਸਿੱਖ ਤੋਂ ਸਿੰਘ ਬਣਨ ਵੇਲੇ ਖੰਡੇ ਬਾਟੇ ਦੀ ਪਾਹੁਲ ਦੇਣ ਦੌਰਾਨ ਪੰਜ ਪਿਆਰਿਆਂ ਵੱਲੋਂ ਪਾਹੁਲ (ਅੰਮ੍ਰਿਤ) ਛਕਾਉਣ ਵੇਲੇ ਵੀ ਇਸ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਵੈਸੇ ਵੀ ਸਿੱਖ ਧਰਮ ਵਿਚ ਅਨੰਦ ਲਫਜ਼ (ਜਿਸਦਾ ਮਾਅਨਾ ਹੀ ਪ੍ਰਸੰਨਤਾ, ਖੁਸ਼ੀ ਜਾਂ ਪੂਰਨ ਖਿੜਾਉ ਹੈ) ਨਾਲ ਕਾਫੀ ਲਗਾਉ ਹੈ, ਕਿਉਂਜੁ ਸਿੱਖ ਧਰਮ ਦੇ ਚਾਰ ਸੰਸਕਾਰ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ (ਅਨੰਦ ਕਾਰਜ), ਅਤੇ ਮੌਤ ਨਾਲ ਸਬੰਧਿਤ ਸੰਸਕਾਰ ਬਿਨ੍ਹਾਂ ਕਿਸੇ ਧਾਰਮਿਕ ਅਡੰਬਰ, ਕਰਮਕਾਂਡ ਅਤੇ ਅੰਧਵਿਸ਼ਵਾਸ ਦੇ ਗੁਰਮਤਿ ਅਨੁਸਾਰ ਹੀ ਕਰਨ ਦੀ ਹਦਾਇਤ ਹੈ ਅਤੇ ਹਰੇਕ ਸੰਸਕਾਰ ਦੀ ਸੰਪੂਰਨਤਾ ਵੇਲੇ ਅਨੰਦ ਬਾਣੀ ਦੀਆਂ ਪਹਿਲੀਆਂ ਪੰਜ ਅਤੇ ਅਖਰੀਲੀ ਪਉੜੀ ਦਾ ਪਾਠ ਕਰਕੇ ਉਪਰੰਤ ਅਰਦਾਸ, ਹੁਕਮਨਾਮਾ ਸਾਹਿਬ ਅਤੇ ਕੜਾਹ ਪ੍ਰਸਾਦਿ ਵਰਤਾਉਣ ਦੀ ਰੀਤੀ ਨਿਭਾਈ ਜਾਂਦੀ ਹੈ।

ਅਨੰਦ ਸਾਹਿਬ ਦੀਆਂ 40 ਪਉੜੀਆਂ ਵਿੱਚੋਂ ਹਰ ਇੱਕ ਪਉੜੀ ਆਪਣੇ ਆਪ ਵਿਚ ਜਿੰਦਗੀ ਦੇ ਬੜੇ ਹੀ ਅਹਿਮ ਅਤੇ ਗੁਹਜ ਭੇਦਾਂ ਨੂੰ ਖੋਲ੍ਹ ਕੇ ਸਮਝਾਇਆ ਹੈ। ਜੇਕਰ ਅਨੰਦੁ ਸਾਹਿਬ ਦੀ ਬਾਣੀ ਨੂੰ ਕੋਈ ਵੀ ਵਿਚਾਰ ਕੇ ਪੜ੍ਹੇ ਤਾਂ ਉਸਦੇ ਮਨ ਅੰਦਰ ਵੀ ਅਨੰਦ ਪੈਦਾ ਹੋ ਜਾਣਾ ਸੁਭਾਵਿਕ ਹੈ।

ਮੋ. 98150 24920

ਬੰਦ ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਜੀ

ਰਮੇਸ਼ ਬੱਗਾ ਚੋਹਲਾ

ਸਿੱਖ ਇਤਿਹਾਸ ਦੇ ਪੰਨਿਆਂ ਨੂੰ ਜੇ ਪੂਰੀ ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਦੀ ਇਬਾਰਤ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਦਿਖਾਈ ਦਿੰਦੀ ਹੈ। ਇਸ ਇਬਾਰਤ ਦੀ ਬਣਾਵਟ ਅਤੇ ਸਜਾਵਟ ਵਿਚ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਪੰਝੱਤਰ-ਅੱਸੀ ਸਾਲ ਦੇ ਬਾਬਿਆਂ ਦੇ ਬਲੀਦਾਨ ਦੀ ਇਕ ਅਨੋਖੀ ਅਤੇ ਦਲੇਰਾਨਾ ਪਹੁੰਚ ਕੰਮ ਕਰ ਰਹੀ ਹੈ। ਇਹ ਇਬਾਰਤ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਇਸ ਦੇ ਸਿਰਜਕਾਂ ਨੇ ਆਪਣੇ ਸਰੀਰ ਦੇ ਬੰਦ-ਬੰਦ ਤਾਂ ਹੱਸ ਕੇ ਕਟਵਾ ਲਏ ਪਰ ਕਿਸੇ ਵੀ ਕੀਮਤ 'ਤੇ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਨਹੀਂ ਲੱਗਣ ਦਿੱਤੀ। ਜਦੋਂ ਵੀ ਕਦੇ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਤੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ। ਸਗੋਂ ਅਣਮਨੁੱਖੀ ਤਸੀਹਿਆਂ ਨੂੰ ਵੀ 'ਉਸ ਦੀ' ਰਜ਼ਾ ਸਮਝ ਕੇ ਸਹਿਣ ਕਰ ਲਿਆ। ਇਸੇ ਤਰ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਹੀ ਸ਼ਾਮਲ ਹੈ, ਭਾਈ ਮਨੀ ਸਿੰਘ ਜੀ ਸ਼ਹੀਦ ਦਾ ਨਾਂ।

ਭਾਈ ਮਨੀ ਸਿੰਘ ਜੀ ਦੇ ਜਨਮ ਬਾਬਤ ਲੇਖਕਾਂ ਵਿਚ ਕੁਝ ਮਤਭੇਦ ਹਨ। ਪਰ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਲਿਖਤ ਅਨੁਸਾਰ ਭਾਈ ਸਾਹਿਬ ਦਾ ਜਨਮ 10 ਮਾਰਚ 1644 ਈ: ਨੂੰ ਪਿਤਾ ਭਾਈ ਮਾਈਦਾਸ ਅਤੇ ਮਾਤਾ ਮਧਰੀ ਬਾਈ ਦੇ ਘਰ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ਫ਼ਰਗੜ੍ਹ (ਪਾਕਿਸਤਾਨ) ਵਿਖੇ ਹੋਇਆ। ਭਾਈ ਮਨੀ ਸਿੰਘ ਦੇ ਪਰਿਵਾਰ ਦਾ ਨਾਤਾ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਲ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਹੀ ਜੁੜਦਾ ਹੈ ਕਿਉਂਕਿ ਭਾਈ ਸਾਹਿਬ ਦੇ ਦਾਦਾ ਭਾਈ ਬਲੂ ਰਾਓ ਛੇਵੇਂ ਪਾਤਸ਼ਾਹ ਦੇ ਸਿਰਕੱਢਵੇਂ ਜਰਨੈਲ ਸਨ। ਭਾਈ ਮਾਈਦਾਸ ਦੇ ਇਕ ਦਰਜਨ ਸਪੁੱਤਰ ਸਨ ਜਿਨ੍ਹਾਂ ਵਿੱਚੋਂ 11 ਸਪੁੱਤਰਾਂ ਨੇ ਸਿੱਖ ਆਦਰਸ਼ਾਂ ਦੀ ਰਖਵਾਲੀ ਕਰਦਿਆਂ ਆਪਣੀਆਂ ਜਾਨਾਂ ਤਕ ਦੀ ਪਰਵਾਹ ਨਹੀਂ ਕੀਤੀ।

ਜਦੋਂ ਭਾਈ ਮਨੀ ਸਿੰਘ ਦੀ ਉਮਰ 13 ਸਾਲ ਦੀ ਹੋਈ ਤਾਂ ਭਾਈ ਮਾਈਦਾਸ ਉਸ ਨੂੰ ਨਾਲ ਲੈ ਕੇ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਜੀ ਦੇ ਦਰਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਨਤਮਸਤਕ ਹੋਇਆ। ਜਦੋਂ ਬਾਲਕ ਮਨੀਏ (ਭਾਈ ਮਨੀ ਸਿੰਘ ਜੀ) ਨੇ ਸੱਤਵੇਂ ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਦੇਖ ਕੇ ਗੁਰੂ ਸਾਹਿਬ ਕਹਿਣ ਲੱਗੇ, "ਮਨੀਆ ਗੁਨੀਆ ਹੋਵੇਗਾ ਬੀਚ ਜਗ ਸਾਰੇ।" ਦੋ ਸਾਲ ਗੁਰੂ ਘਰ ਦੇ ਜੂਠੇ ਬਰਤਨਾਂ ਨੂੰ ਮਾਂਜਦਿਆਂ ਬਾਲਕ ਮਨੀਏ ਨੇ ਆਪਣੇ ਮਨ ਦੀ ਮੈਲ ਗੁਆ ਲਈ ਅਤੇ ਇਕ ਨਿਰਮਲ ਅਤੇ ਨਿਰਛੱਲ ਹਿਰਦੇ ਦਾ ਮਾਲਕ ਬਣ ਗਿਆ।

ਜਦੋਂ ਭਾਈ ਮਨੀਏ ਦੀ ਉਮਰ 16 ਕੁ ਸਾਲ ਤਕ ਪਹੁੰਚੀ ਤਾਂ ਉਸ ਦਾ ਅਨੰਦ ਕਾਰਜ ਬੀਬੀ ਸੀਤੋ ਪੁੱਤਰੀ ਭਾਈ ਲੱਖੀਸ਼ਾਹ ਵਾਸੀ ਬੈਰਪੁਰ ਨਾਲ ਹੋ ਗਿਆ। ਅਨੰਦ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਭਾਈ ਮਨੀ ਸਿੰਘ ਆਪਣੇ ਦੋ ਭਰਾਵਾਂ ਭਾਈ ਜੇਠਾ ਅਤੇ ਭਾਈ ਦਿਆਲਾ ਜੀ ਸਮੇਤ ਮੁੜ ਕੀਰਤਪੁਰ ਸਾਹਿਬ ਆ ਗਏ। ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਦੀ ਸੇਵਾ ਵਿਚ ਜੁੱਟ ਗਏ। ਅੱਠਵੇਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਬਾਬੇ ਬਕਾਲੇ ਗੁਰੂ ਤੇਗ ਬਹਾਦਰ ਕੋਲ ਆ ਗਏ। ਜਦੋਂ ਗੁਰੂ ਜੀ ਪੂਰਬ ਦੀ ਬਾਹੀ ਵੱਲ ਧਰਮ ਪ੍ਰਚਾਰ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ ਤਾਂ ਭਾਈ ਮਨੀ ਸਿੰਘ ਨੇ ਆਪਣੀ ਹਾਜ਼ਰੀ ਇੱਥੇ ਲਗਵਾਉਣੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਦੀ ਸੇਵਾ-ਸੰਭਾਲ ਦਿੱ

ਸੰਪਾਦਕੀ

ਚੜ੍ਹਾਵੇ ਵਿਚ ਘਪਲੇ ਕਾਰਨ ਕਰੋੜਾਂ ਸ਼ਰਧਾਲੂਆਂ ਦੀ ਆਸਥਾ ਨੂੰ ਲੱਗੀ ਠੇਸ

ਬੀਤੇ ਦਿਨਾਂ ਤੋਂ ਅਯੁੱਧਿਆ ਦੇ ਰਾਮ ਮੰਦਰ ਵਿੱਚ ਨਕਦੀ ਅਤੇ ਕੀਮਤੀ ਸਾਮਾਨ ਸਮੇਤ ਦਾਨ ਵਿੱਚ ਮਿਲੇ ਚੜ੍ਹਾਵੇ ਵਿੱਚ ਘਪਲੇ ਦੇ ਗੰਭੀਰ ਦੋਸ਼ਾਂ ਦੀ ਜਾਂਚ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਗਠਿਤ ਕੀਤੀ ਗਈ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਜਾ ਰਹੀ ਹੈ। ਇੱਥੇ ਸਵਾਲ ਸਿਰਫ਼ ਇੱਕ ਵੱਕਾਰੀ ਧਾਰਮਿਕ ਸੰਸਥਾ 'ਸ੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟਰੱਸਟ' ਦੀ ਸਾਖ ਦਾ ਹੀ ਨਹੀਂ ਹੈ ਸਗੋਂ ਕਰੋੜਾਂ ਸ਼ਰਧਾਲੂਆਂ ਦੀ ਆਸਥਾ ਦਾ ਵੀ ਹੈ, ਜਿਨ੍ਹਾਂ ਨੇ ਇਸ ਇਤਿਹਾਸਕ ਮੰਦਰ ਲਈ ਦਿਲ ਖੋਲ੍ਹ ਕੇ ਦਾਨ ਦਿੱਤਾ ਹੈ। ਦੋਸ਼ ਹਨ ਕਿ ਕਈ ਕਰੋੜ ਰੁਪਏ ਦਾ ਨਕਦ ਦਾਨ ਖ਼ੁਰਦ-ਬੁਰਦ ਕਰ ਦਿੱਤਾ ਗਿਆ ਅਤੇ ਸੋਨੇ-ਚਾਂਦੀ ਦੇ ਅਸਲੀ ਗਹਿਣਿਆਂ ਦੀ ਜਗ੍ਹਾ ਨਕਲੀ ਰੱਖ ਦਿੱਤੇ ਗਏ। ਪ੍ਰਾਣ ਪ੍ਰਤਿਸ਼ਠਾ ਸਮਾਗਮ ਦੌਰਾਨ ਦਾਨ ਵਜੋਂ ਮਿਲੀਆਂ 60 ਕਿੱਲੋ ਚਾਂਦੀ ਦੀਆਂ ਇੱਟਾਂ ਦੇ ਗ਼ਾਇਬ ਹੋਣ ਦੀਆਂ ਖ਼ਬਰਾਂ ਨੇ ਚੜ੍ਹਾਵੇ ਦੀ ਸੁਰੱਖਿਆ ਦੇ ਪ੍ਰਬੰਧਾਂ 'ਤੇ ਹੋਰ ਵੀ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਉਮੀਦ ਮੁਤਾਬਿਕ ਇਸ ਵਿਵਾਦ ਨੇ 2027 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਇੱਕ ਵੱਡਾ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਵਿਰੋਧੀ ਧਿਰ ਨੇ ਸੱਤਾਧਾਰੀ ਧਿਰ 'ਤੇ ਦੋਸ਼ੀਆਂ ਦੀ ਪਿੱਠ ਪੂਰਨ ਦੇ ਦੋਸ਼ ਲਾਏ ਹਨ, ਜਦੋਂ ਕਿ ਭਾਜਪਾ ਨੇ ਇਨ੍ਹਾਂ ਇਲਜ਼ਾਮਾਂ ਨੂੰ ਅਯੁੱਧਿਆ ਨੂੰ ਬਦਨਾਮ ਕਰਨ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਦੱਸ ਕੇ ਖ਼ਾਰਜ ਕਰ ਦਿੱਤਾ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸੰਜਮ ਰੱਖਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਜਿਨ੍ਹਾਂ ਸ਼ਰਧਾਲੂਆਂ ਨੇ ਮੰਦਰ ਲਈ 500 ਸਾਲ ਉਡੀਕ ਕੀਤੀ ਹੈ, ਉਨ੍ਹਾਂ ਨੂੰ ਐੱਸ ਆਈ ਟੀ ਦੀ ਜਾਂਚ ਪੂਰੀ ਹੋਣ ਲਈ ਹੋਰ 15 ਦਿਨ ਉਡੀਕ ਕਰਨੀ ਚਾਹੀਦੀ ਹੈ। ਬਿਨਾਂ ਸ਼ੱਕ ਇਸ ਮੰਦਭਾਗੇ ਤੇ ਸੰਵੇਦਨਸ਼ੀਲ ਮਾਮਲੇ ਦੀ ਤਹਿ ਤੱਕ ਪਹੁੰਚਣ ਲਈ ਇੱਕ ਪਾਰਦਰਸ਼ੀ ਅਤੇ ਸਮਾਂਬੱਧ ਜਾਂਚ ਬੇਹੱਦ ਜ਼ਰੂਰੀ ਹੈ। ਰਿਕਾਰਡ ਜਨਤਕ ਕਰਨ ਅਤੇ ਇੱਕ ਸੁਤੰਤਰ ਆਡਿਟ ਕਰਵਾਉਣ ਦੀ ਮੰਗ ਨੂੰ ਹੁਣ ਸਿਰੇ ਤੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ। ਜਿੱਥੇ ਆਮ ਲੋਕਾਂ ਦੇ ਦਾਨ ਅਤੇ ਧਾਰਮਿਕ ਆਸਥਾ ਦਾ ਸਵਾਲ ਹੋਵੇ ਉੱਥੇ ਜਵਾਬਦੇਹੀ ਨਾਲ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਇਹ ਵਿਵਾਦ ਭਾਰਤ ਦੇ ਵੱਡੇ ਧਾਰਮਿਕ ਅਦਾਰਿਆਂ ਦੀ ਇੱਕ ਪੁਰਾਣੀ ਸਮੱਸਿਆ ਨੂੰ ਵੀ ਉਜਾਗਰ ਕਰਦਾ ਹੈ। ਜਿਹੜੇ ਮੰਦਰਾਂ ਵਿੱਚ ਕਰੋੜਾਂ ਰੁਪਏ ਦਾ ਚੜ੍ਹਾਵਾ ਆਉਂਦਾ ਹੈ ਉੱਥੇ ਆਡਿਟ, ਸਾਮਾਨ ਦੇ ਰੱਖ-ਰਖਾਅ, ਡਿਜੀਟਲ ਟਰੈਕਿੰਗ ਅਤੇ ਗ਼ੈਰ-ਸਰਕਾਰੀ ਨਿਗਰਾਨੀ ਦੇ ਆਧੁਨਿਕ ਪ੍ਰਬੰਧ ਹੋਣੇ ਬੇਹੱਦ ਜ਼ਰੂਰੀ ਹਨ। ਰਾਮ ਮੰਦਰ ਭਾਰਤ ਦੇ ਬਹੁਗਿਣਤੀ ਭਾਈਚਾਰੇ ਦੀਆਂ ਸਾਂਝੀਆਂ ਭਾਵਨਾਵਾਂ ਦਾ ਪ੍ਰਤੀਕ ਹੈ। ਇਸੇ ਅਹਿਮੀਅਤ ਕਰਕੇ ਹਰੇਕ ਦੋਸ਼ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਹਰ ਸ਼ੱਕ-ਸ਼ੁਭੇ ਨੂੰ ਪਾਰਦਰਸ਼ੀ ਢੰਗ ਨਾਲ ਦੂਰ ਕੀਤਾ ਜਾਣਾ ਚਾਹੀਦਾ ਹੈ। ਮੰਦਰ ਦੀ ਪਵਿੱਤਰਤਾ ਅਤੇ ਮਰਿਆਦਾ ਨੂੰ ਬਣਾਈ ਰੱਖਣ ਦਾ ਅਸਲ ਮਤਲਬ ਸ਼ਰਧਾਲੂਆਂ ਦੇ ਅਟੁੱਟ ਵਿਸ਼ਵਾਸ ਨੂੰ ਕਾਇਮ ਰੱਖਣਾ ਹੀ ਹੈ।

ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ, ਨੰਦਗੜ੍ਹ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ 2026 ਉਤਸ਼ਾਹ ਨਾਲ ਮਨਾਇਆ ਗਿਆ

ਬਠਿੰਡਾ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ (ਪੀ.ਆਈ.ਟੀ.), ਨੰਦਗੜ੍ਹ, ਬਠਿੰਡਾ ਵਿਖੇ 12ਵਾਂ ਅੰਤਰਰਾਸ਼ਟਰੀ ਯੋਗ ਦਿਵਸ 2026 ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਦੀ ਸਰਗਰਮ ਭਾਗੀਦਾਰੀ ਨਾਲ ਬੜੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਮੌਕੇ ਯੋਗ ਦੇ ਸਰੀਰਕ ਤੰਦਰੁਸਤੀ, ਮਾਨਸਿਕ ਸਿਹਤ ਅਤੇ ਅੰਦਰੂਨੀ ਸੰਤੁਲਨ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵ ਨੂੰ ਉਜਾਗਰ ਕੀਤਾ ਗਿਆ।

ਇਹ ਪ੍ਰੋਗਰਾਮ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੀਵ ਕੁਮਾਰ ਸ਼ਰਮਾ ਦੀ ਦੂਰਅੰਦੇਸ਼ੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਸਮੁੱਚੀ ਸਿੱਖਿਆ, ਵਿਦਿਆਰਥੀ ਭਲਾਈ ਅਤੇ ਸਿਹਤਮੰਦ ਜੀਵਨ ਸ਼ੈਲੀ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਯੂਨੀਵਰਸਿਟੀ ਭਾਈਚਾਰੇ ਲਈ ਪ੍ਰੇਰਣਾਸਰੋਤ ਬਣੀ ਹੋਈ ਹੈ। ਉਨ੍ਹਾਂ ਦੇ ਮਾਰਗਦਰਸ਼ਨ ਅਤੇ ਹੌਸਲਾ-ਅਫ਼ਜ਼ਾਈ ਨੇ ਇਸ ਸਮਾਗਮ ਦੀ ਸਫ਼ਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਦੇਵਾਨੰਦ ਉੱਤਮ, ਡਾਇਰੈਕਟਰ ਅਤੇ ਡਾ. ਵਿਨੀਤ ਚਾਵਲਾ, ਸਹਾਇਕ ਡਾਇਰੈਕਟਰ ਨੇ ਦੈਨਿਕ ਜੀਵਨ ਵਿੱਚ ਯੋਗ ਨੂੰ ਅਪਣਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਯੋਗ ਸਰੀਰਕ ਸਿਹਤ, ਮਾਨਸਿਕ ਮਜ਼ਬੂਤੀ ਅਤੇ ਭਾਵਨਾਤਮਕ ਸੰਤੁਲਨ ਨੂੰ ਬਿਹਤਰ ਬਣਾਉਣ ਦਾ ਪ੍ਰਭਾਵਸ਼ਾਲੀ ਸਾਧਨ ਹੈ। ਉਨ੍ਹਾਂ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਯੋਗ ਨੂੰ ਜੀਵਨ ਭਰ ਦੀ ਆਦਤ ਬਣਾਉਣ ਲਈ ਪ੍ਰੇਰਿਤ ਕੀਤਾ।

ਵਿਸ਼ੇਸ਼ ਯੋਗ ਸੈਸ਼ਨ ਮਿਸ ਹਰਮਨਦੀਪ ਕੌਰ ਵੱਲੋਂ ਸੁਚੱਜੇ ਢੰਗ ਨਾਲ ਕਰਵਾਇਆ ਗਿਆ, ਜਿਨ੍ਹਾਂ ਨੇ ਭਾਗੀਦਾਰਾਂ ਨੂੰ ਵੱਖ-ਵੱਖ ਯੋਗ ਆਸਨਾਂ, ਪ੍ਰਾਣਾਯਾਮ ਅਤੇ ਧਿਆਨ ਦੀਆਂ ਵਿਧੀਆਂ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਦੇ ਲਾਭਾਂ ਤੇ ਸਹੀ ਅਭਿਆਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਇਸ ਮੌਕੇ ਮਿਸ ਇਸ਼ਾਨੀ, ਮਿਸ ਰਾਜਵੰਤ ਕੌਰ, ਮਿਸ ਦਲਜੀਤ ਕੌਰ, ਸ੍ਰੀਮਤੀ ਅਰਸ਼ਦੀਪ ਕੌਰ (ਸਹਾਇਕ ਪ੍ਰੋਫੈਸਰ), ਸ੍ਰੀਮਤੀ ਸ਼ਿੰਦਰਪਾਲ ਕੌਰ, ਸ੍ਰੀ ਮਨਦੀਪ ਸਿੰਘ ਅਤੇ ਸ੍ਰੀ ਗੁਰਪ੍ਰਤੀਕ ਸਿੰਘ ਨੇ ਵੀ ਪੂਰੇ ਉਤਸ਼ਾਹ ਨਾਲ ਸਹਿਯੋਗ ਅਤੇ ਭਾਗੀਦਾਰੀ ਨਿਭਾਈ, ਜਿਸ ਨਾਲ ਪ੍ਰੋਗਰਾਮ ਦਾ ਸਫ਼ਲ ਅਤੇ ਸੁਚਾਰੂ ਆਯੋਜਨ ਸੰਭਵ ਹੋਇਆ।

ਇਹ ਸਮਾਗਮ ਸੰਸਥਾ ਦੀ ਸਿਹਤਮੰਦ, ਸੰਤੁਲਿਤ ਅਤੇ ਸਕਾਰਾਤਮਕ ਵਾਤਾਵਰਣ ਨੂੰ ਪ੍ਰੋਤਸਾਹਿਤ ਕਰਨ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਬਣਿਆ।

ਭਾਗੀਦਾਰਾਂ ਨੇ ਯੋਗ ਗਤੀਵਿਧੀਆਂ ਵਿੱਚ ਉਤਸ਼ਾਹਪੂਰਵਕ ਹਿੱਸਾ ਲਿਆ ਅਤੇ ਯੋਗ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਅਟੁੱਟ ਹਿੱਸਾ ਬਣਾਉਣ ਦਾ ਸੰਕਲਪ ਲਿਆ। ਪ੍ਰੋਗਰਾਮ ਦਾ ਸਮਾਪਨ ਯੋਗ ਨੂੰ ਜੀਵਨ ਦੀ ਇੱਕ ਪ੍ਰਭਾਵਸ਼ਾਲੀ ਪੱਧਤੀ ਵਜੋਂ ਅਪਣਾਉਣ ਦੇ ਨਵੇਂ ਸੰਕਲਪ ਨਾਲ ਹੋਇਆ, ਜਿਸ ਨੇ ਇਸ ਸਦੀਵੀ ਸੰਦੇਸ਼ ਨੂੰ ਦੁਹਰਾਇਆ— ਯੋਗ ਆਪਣੇ ਆਪ ਦੀ ਯਾਤਰਾ ਹੈ, ਆਪਣੇ ਆਪ ਰਾਹੀਂ, ਆਪਣੇ ਆਪ ਤੱਕ।

ਐੱਸ.ਆਈ.ਆਰ.ਨਾਲ ਸਬੰਧਤ ਕੋਈ ਵੀ ਸ਼ਿਕਾਇਤ ਕੀਤੀ ਜਾ ਸਕਦੀ ਹੈ

ਗੁਰਦਾਸਪੁਰ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲ੍ਹੇ ਅੰਦਰ ਐੱਸ.ਆਈ.ਆਰ ਦਾ ਕੰਮ ਸਫਲਤਾਪੂਰਵਕ ਨੇਪਰੇ ਚਾੜ੍ਹਣ ਲਈ ਜ਼ਿਲ੍ਹਾ ਚੋਣ ਅਫਸਰ-ਕਮ- ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਪ੍ਰਸ਼ਾਸਨ ਵੱਲੋਂ ਤਿਆਰੀਆਂ ਕੀਤੀ ਗਈਆ ਹਨ ਅਤੇ ਐੱਸ.ਆਈ.ਆਰ ਨਾਲ ਸਬੰਧਿਤ ਕਿਸੇ ਕਿਸਮ ਦੀ ਸ਼ਿਕਾਇਤ ਲਈ ਜਿਲ੍ਹਾ ਪੱਧਰ 'ਤੇ ਸ਼ਿਕਾਇਤ ਨਿਵਾਰਣ ਸੈੱਲ ਗਠਿਤ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਐੱਸ.ਆਈ.ਆਰ ਨਾਲ ਸਬੰਧਤ ਕਿਸੇ ਕਿਸਮ ਦੀ ਸ਼ਿਕਾਇਤ ਲਈ ਈ-ਮੇਲ grievanceredellgspsiB@BF@gmail.com ਅਤੇ 1950 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ 25 ਜੂਨ 2026 ਤੋਂ 24 ਜੁਲਾਈ 2026 ਤੱਕ ਬੀ.ਐੱਲ.ਓਜ਼ ਦੁਆਰਾ ਘਰ-ਘਰ ਜਾ ਕੇ ਗਣਨਾ ਫਾਰਮ ਦੀਆਂ ਕਾਪੀਆਂ ਵੰਡੀਆਂ ਜਾਣਗੀਆਂ। ਜਿਸ ਸਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਕਾਹਨੂੰਵਾਨ ਨਜ਼ਦੀਕ ਨਹਿਰ ਵਿੱਚ ਪਾਏ ਪਾੜ ਨੂੰ ਭਰਨ ਲਈ ਕੰਮ ਜੰਗੀ ਪੱਧਰ 'ਤੇ ਜਾਰੀ

ਗੁਰਦਾਸਪੁਰ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਵੇਰੇ ਤੜਕਸਾਰ ਸਠਿਆਲੀ ਪੁਲ ਨੇੜੇ ਕਾਹਨੂੰਵਾਨ ਵਿਖੇ ਨਹਿਰ ਵਿੱਚ ਪਾੜ ਪੈ ਗਿਆ ਸੀ, ਜਿਸ ਨੂੰ ਜੀ.ਸੀ.ਬੀ ਮਸ਼ੀਨਾਂ ਤੇ ਲੇਬਰ ਨਾਲ ਪੂਰਨ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ।

ਇਹ ਜਾਣਕਾਰੀ ਦਿੰਦਿਆ ਸ਼੍ਰੀ ਵਿਸ਼ਾਲ ਮਹਿਤਾ, ਐਕਸੀਅਨ ਨਹਿਰੀ ਵਿਭਾਗ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆ ਦੱਸਿਆਂ ਕਿ ਅੱਜ ਤੜਕਸਾਰ ਕਾਹਨੂੰਵਾਨ ਨੇੜੇ ਨਹਿਰ ਵਿੱਚ ਪਾੜ ਗਿਆ ਸੀ।

ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਦੋ ਜੀ.ਸੀ.ਬੀ ਮਸ਼ੀਨਾਂ ਤੇ ਲੇਬਰ ਨਾਲ ਨਹਿਰ ਵਿੱਚ ਪਏ ਪਾੜ ਨੂੰ ਪੂਰਿਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪਿਛੋਂ ਨਹਿਰ ਵਿਚ ਆ ਰਹੇ ਪਾਣੀ ਨੂੰ ਬੰਦ ਕਰ ਦਿੱਤਾ ਗਿਆ ਹੈ, ਜਿਸ ਨਾਲ ਸਮੇਂ ਸਿਰ ਇਸ 'ਤੇ ਕਾਬੂ ਪਾ ਲਿਆ ਗਿਆ ਹੈ।

ਬਠਿੰਡਾ ਦੇ ਨੌਜਵਾਨ ਨੇ ਕੌਮੀ ਪੱਧਰ 'ਤੇ ਪੰਜਾਬ ਦਾ ਮਾਣ ਵਧਾਇਆ

ਬਠਿੰਡਾ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮਾਈ ਭਾਰਤ, ਯੁਵਾ ਕਾਰਜ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਵੱਲੋਂ ਕਰਵਾਏ ਗਏ ਵਿਕਸਿਤ ਭਾਰਤ ਯੂਥ ਪਾਰਲੀਮੈਂਟ 2026 ਵਿੱਚ ਬਠਿੰਡਾ ਦੇ ਨੌਜਵਾਨ ਪ੍ਰਕਾਸ਼ ਪਾਂਡੇ ਨੇ ਕੌਮੀ ਪੱਧਰ 'ਤੇ ਪੰਜਾਬ ਰਾਜ ਦੀ ਨੁਮਾਇੰਦਗੀ ਕੀਤੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੂਥ ਅਫਸਰ ਮੈਡਮ ਮੀਸ਼ਾ ਨੇ ਦੱਸਿਆ ਕਿ ਪ੍ਰਕਾਸ਼ ਪਾਂਡੇ, ਜੋ ਇਸ ਵੇਲੇ ਕੇਂਦਰੀ ਯੂਨੀਵਰਸਿਟੀ ਪੰਜਾਬ, ਬਠਿੰਡਾ ਦੇ ਵਿਦਿਆਰਥੀ ਹਨ, ਦੀ ਇਸ ਮੰਚ ਤੱਕ ਪਹੁੰਚਣ ਦੀ ਯਾਤਰਾ ਜ਼ਿਲ੍ਹਾ ਪੱਧਰੀ ਵਿਕਸਿਤ ਭਾਰਤ ਯੂਥ ਪਾਰਲੀਮੈਂਟ ਤੋਂ ਸ਼ੁਰੂ ਹੋਈ। ਮਾਈ ਭਾਰਤ ਬਠਿੰਡਾ, ਪੰਜਾਬ ਅਤੇ ਗੁਰੂ ਕਾਸ਼ੀ ਯੂਨੀਵਰਸਿਟੀ, ਬਠਿੰਡਾ ਦੇ ਸਾਂਝੇ ਸਹਿਯੋਗ ਨਾਲ ਕਰਵਾਏ ਗਏ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਰਾਜ ਪੱਧਰੀ ਮੁਕਾਬਲੇ ਤੱਕ ਪੁੱਜੇ।

ਇਸ ਤੋਂ ਬਾਅਦ ਚੰਡੀਗੜ੍ਹ ਵਿਖੇ ਹੋਏ ਰਾਜ ਪੱਧਰੀ ਮੁਕਾਬਲੇ ਵਿੱਚ ਉਨ੍ਹਾਂ ਪਹਿਲਾ ਸਥਾਨ ਹਾਸਲ ਕੀਤਾ ਅਤੇ ਰਾਸ਼ਟਰੀ ਪੱਧਰ 'ਤੇ ਪੰਜਾਬ ਦੀ ਨੁਮਾਇੰਦਗੀ ਕਰਨ ਲਈ ਚੁਣੇ ਗਏ।

15 ਤੋਂ 17 ਜੂਨ ਤੱਕ ਸੰਸਦ ਭਵਨ, ਨਵੀਂ ਦਿੱਲੀ ਵਿਖੇ ਆਯੋਜਿਤ ਰਾਸ਼ਟਰੀ ਵਿਕਸਿਤ ਭਾਰਤ ਯੂਥ ਪਾਰਲੀਮੈਂਟ ਦੌਰਾਨ ਪ੍ਰਕਾਸ਼ ਪਾਂਡੇ ਨੂੰ ਨਾ ਸਿਰਫ਼ ਭਾਗ ਲੈਣ ਦਾ ਮੌਕਾ ਮਿਲਿਆ, ਸਗੋਂ ਸੰਸਦ ਭਵਨ ਦਾ ਦੌਰਾ ਕਰਨ ਅਤੇ ਲੋਕ ਸਭਾ, ਰਾਜ ਸਭਾ ਅਤੇ ਸਦਨ ਦੀ ਕਾਰਜਪ੍ਰਣਾਲੀ ਨੂੰ ਨੇੜੇ ਤੋਂ ਸਮਝਣ ਦਾ ਵੀ ਮੌਕਾ ਪ੍ਰਾਪਤ ਹੋਇਆ। ਉਨ੍ਹਾਂ ÷ਨਾਰੀ ਸ਼ਕਤੀ ਵੰਦਨ ਅਧਿਨਿਯਮ÷ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ।

ਮੱਕੀ ਦੀ ਵਾਢੀ ਤੋਂ ਲੈ ਕੇ ਸਾਂਭ-ਸੰਭਾਲ ਤੱਕ ਕਰਵਾਇਆ ਗਿਆ ਜਾਣੂੰ

ਬਠਿੰਡਾ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਡਾ. ਗੁਰਜੀਤ ਸਿੰਘ ਬਰਾੜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਿਸ਼ੀ ਵਿਗਿਆਨ ਕੇਂਦਰ ਬਠਿੰਡਾ ਵਿਖੇ ਡਾ. ਹਰਪ੍ਰੀਤਪਾਲ ਕੌਰ ਮੁੱਖ ਖੇਤੀਬਾੜੀ ਅਫਸਰ ਬਠਿੰਡਾ ਦੀ ਯੋਗ ਅਗਵਾਈ ਹੇਠ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਠਿੰਡਾ ਵਿਖੇ ਕੰਮ ਕਰ ਰਹੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਮੱਕੀ ਦੀ ਕਾਸ਼ਤ ਸਬੰਧੀ ਟ੍ਰੇਨਿੰਗ ਕਰਵਾਈ ਗਈ।

ਟ੍ਰੇਨਿੰਗ ਦੌਰਾਨ ਮੁੱਖ ਖੇਤੀਬਾੜੀ ਅਫਸਰ ਡਾ. ਹਰਪ੍ਰੀਤਪਾਲ ਕੌਰ ਨੇ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਇਸ ਸਾਲ ਮੱਕੀ ਦਾ ਰਕਬਾ ਪਿਛਲੇ ਸਾਲ ਨਾਲੋਂ ਵਧਾਇਆ ਜਾਵੇ। ਅਤੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਣ ਤੇ ਉਸ ਸਮੱਸਿਆ ਦਾ ਹੱਲ ਕੀਤਾ ਜਾਵੇ। ਟ੍ਰੇਨਿੰਗ ਦੀ ਸ਼ੁਰੂਆਤ ਕਰਦਿਆਂ ਡਾ. ਅਨਰੀਤ ਕੌਰ ਨੇ ਮੱਕੀ ਦੀ ਸਫਲ ਕਾਸ਼ਤ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ।

ਇਸ ਮੌਕੇ ਸਹਾਇਕ ਪ੍ਰੋਫੈਸਰ ਕਿਸੀ ਵਿਗਿਆਨ ਕੇਂਦਰ ਡਾ. ਪ੍ਰਿਤਪਾਲ ਨੇ ਮੱਕੀ ਦੇ ਵਿੱਚ ਪਾਏ ਜਾਣ ਵਾਲੇ ਖਾਦ ਖੁਰਾਕ ਬਾਰੇ ਜਾਣਕਾਰੀ ਦਿੱਤੀ ਅਤੇ ਸਹਾਇਕ ਪ੍ਰੋਫੈਸਰ ਕਿਸੀ ਵਿਗਿਆਨ ਕੇਂਦਰ ਡਾ. ਜਸੀਤ ਕੌਰ ਨੇ ਮੱਕੀ ਦੀ ਕਾਸਤ ਦੇ ਵਿੱਚ ਆਉਣ ਵਾਲੇ ਅਤੇ ਮੱਕੀ ਫਸਲ ਤੇ ਹਮਲਾ ਕਰਨ ਵਾਲੇ ਕੀੜੇ-ਮਕੌੜਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸੇ ਤਰ੍ਹਾਂ ਡਾ. ਆਰ.ਐਸ ਅਰੋੜਾ ਨੇ ਮੱਕੀ ਦੀਆਂ ਬਿਮਾਰੀਆਂ ਬਾਰੇ ਜਾਣੂੰ ਕਰਵਾਇਆ ਅਤੇ ਡਾ. ਗੁਰਲਾਲ ਸਿੰਘ ਗਿੱਲ ਨੇ ਮੱਕੀ ਦਾ ਅਚਾਰ ਪਾਉਣ ਬਾਰੇ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ।

ਡਾ. ਰਮਨਦੀਪ ਕੌਰ ਨੇ ਮੱਕੀ ਦੀ ਵਾਢੀ ਤੋਂ ਬਾਅਦ ਸਾਂਭ-ਸੰਭਾਲ ਬਾਰੇ ਕਿਸ ਤਰ੍ਹਾਂ ਉਸਨੂੰ ਸਕਾ ਕੇ ਮੰਡੀ ਦੇ ਵਿੱਚ ਲੈ ਕੇ ਜਾਣਾ ਹੈ, ਬਾਰੇ ਕਿਸਾਨਾਂ ਨੂੰ ਜ

ਵਿਧਾਨ ਸਭਾ ਹਲਕਾ ਸੁਨਾਮ ਵਿੱਚ ਸਿਹਤ ਸਹੂਲਤਾਂ ਦੀ ਬਿਹਤਰੀ ਲਈ ਹੁਣ ਤਕ ਕਰੀਬ 57 ਕਰੋੜ ਰੁਪਏ ਖਰਚੇ: ਅਮਨ ਅਰੋੜਾ

ਸੁਨਾਮ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਸੁਨਾਮ ਹਲਕੇ ਦੇ ਲੋਕਾਂ ਨੂੰ ਇੱਕ ਵੱਡੀ ਸੌਗਾਤ ਦਿੰਦਿਆਂ ਸਰਕਾਰੀ ਹਸਪਤਾਲ ਸੁਨਾਮ ਵਿਖੇ 50 ਬੈੱਡਾਂ ਵਾਲੇ ਅਤਿ-ਆਧੁਨਿਕ ਜੱਚਾ-ਬੱਚਾ ਹਸਪਤਾਲ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਇਹ ਹਸਪਤਾਲ ਕਰੀਬ 14 ਕਰੋੜ 48 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਸੁਨਾਮ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਹੁਣ ਤਕ 57 ਕਰੋੜ ਰੁਪਏ ਵੱਖ ਵੱਖ ਪ੍ਰੋਜੈਕਟਾਂ ਉੱਤੇ ਖਰਚੇ ਜਾ ਚੁੱਕੇ ਹਨ। ਜਿਨ੍ਹਾਂ ਵਿੱਚ ਕਰੀਬ 25.5 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਹਸਪਤਾਲ ਸੁਨਾਮ ਵਿਖੇ ਓਪੀਡੀ ਦੇ ਨਵੇਂ 09 ਕਮਰਿਆਂ ਦਾ ਬਲਾਕ, ਦਵਾਈਆਂ ਦਾ ਵੇਅਰ ਹਾਊਸ, ਟਰੋਮਾ ਸੈਂਟਰ ਅਤੇ ਬਲੱਡ ਬੈਂਕ ਸ਼ਾਮਿਲ ਹਨ।

ਚੀਮਾ ਵਿਖੇ 14.5 ਕਰੋੜ ਰੁਪਏ ਦੀ ਲਾਗਤ ਦੇ ਨਾਲ ਅਤੇ ਲੌਂਗੋਵਾਲ ਵਿਖੇ 11.5 ਕਰੋੜ ਰੁਪਏ ਦੀ ਲਾਗ ਦੇ ਨਾਲ ਹਸਪਤਾਲ ਬਣਾਏ ਗਏ ਹਨ। ਹਲਕੇ ਵਿੱਚ ਵੱਖ-ਵੱਖ ਥਾਂ 08 ਆਮ ਆਦਮੀ ਕਲੀਨਿਕ ਬਣਾਏ ਗਏ ਹਨ, ਇੱਕ ਆਮ ਆਦਮੀ ਕਲੀਨਿਕ ਦੀ ਲਾਗਤ 25 ਲੱਖ ਰੁਪਏ ਹੈ। ਇਸੇ ਤਰ੍ਹਾਂ 12 ਹੈਲਥ ਐਂਡ ਵੈਲਨੈਸ ਸੈਂਟਰ ਬਣਾਏ ਗਏ ਹਨ ਤੇ ਇੱਕ ਹੈਲਥ ਐਂਡ ਵੈਲਨੈਸ ਸੈਂਟਰ ਦੀ ਲਾਗਤ 35 ਲੱਖ ਰੁਪਏ ਹੈ।

ਜੱਚਾ-ਬੱਚਾ ਹਸਪਤਾਲ ਮਾਵਾਂ ਅਤੇ ਨਵਜਨਮੇ ਬੱਚਿਆਂ ਲਈ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਅਹਿਮ ਕਦਮ ਹੈ। ਇਸ ਹਸਪਤਾਲ ਦੇ ਤਿਆਰ ਹੋਣ ਨਾਲ ਇਲਾਕੇ ਦੇ ਲੋਕਾਂ ਨੂੰ ਉੱਚ ਪੱਧਰੀ ਇਲਾਜ ਲਈ ਦੂਰ-ਦੁਰਾਡੇ ਜਾਂ ਵੱਡੇ ਸ਼ਹਿਰਾਂ ਦੇ ਹਸਪਤਾਲਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ।

ਇਸ ਹਸਪਤਾਲ ਵਿੱਚ 5 ਓ.ਪੀ.ਡੀ. ਕਮਰੇ, 2 ਆਧੁਨਿਕ ਆਪਰੇਸ਼ਨ ਥੀਏਟਰ, 3 ਬੈੱਡਾਂ ਵਾਲਾ ਨਾਰਮਲ ਡਿਲਿਵਰੀ ਰੂਮ, ਟੈਸਟਿੰਗ ਲੈਬ, ਅਲਟਰਾ ਸਾਊਂਡ ਲੈਬ, ਫਾਰਮੇਸੀ, ਈ.ਸੀ.ਜੀ. ਰੂਮ, ਪੀਡੀਆਟ੍ਰਿਕ ਰੂਮ ਅਤੇ ਇਮਿਊਨਾਈਜ਼ੇਸ਼ਨ ਰੂਮ ਸਮੇਤ ਹੋਰ ਸਾਰੀਆਂ ਆਧੁਨਿਕ ਸਹੂਲਤਾਂ ਉਪਲਬਧ ਹੋਣਗੀਆਂ।

ਇਸ ਤੋਂ ਇਲਾਵਾ, ਹਸਪਤਾਲ ਵਿੱਚ 4 ਗਾਇਨੀ ਵਾਰਡ, 2 ਬਾਲ ਰੋਗ ਵਾਰਡ, 4 ਪ੍ਰਾਈਵੇਟ ਕਮਰੇ, 3 ਡਾਕਟਰ ਸਟੇਸ਼ਨ ਅਤੇ 5 ਨਰਸ ਸਟੇਸ਼ਨ ਬਣਾਏ ਜਾਣਗੇ ਤਾਂ ਜੋ ਮਰੀਜ਼ਾਂ ਦੀ ਸੰਭਾਲ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾ ਸਕੇ।

ਹਸਪਤਾਲ ਵਿੱਚ 4 ਬੈੱਡਾਂ ਵਾਲਾ ਹਾਈ ਡਿਪੈਂਡੈਂਸੀ ਯੂਨਿਟ (84"), ਮਿਡਵਾਈਫਰੀ ਲੈਡ ਕੇਅਰ ਯੂਨਿਟ ($*3") ਅਤੇ 12 ਬੈੱਡਾਂ ਵਾਲਾ ਸਪੈਸ਼ਲ ਨਿਊ ਬੌਰਨ ਕੇਅਰ ਯੂਨਿਟ (SNCU) ਵੀ ਸਥਾਪਿਤ ਕੀਤਾ ਜਾਵੇਗਾ, ਜਿਸ ਨਾਲ ਗੰਭੀਰ ਮਾਮਲਿਆਂ ਵਿੱਚ ਵੀ ਮਾਵਾਂ ਅਤੇ ਬੱਚਿਆਂ ਨੂੰ ਵਿਸ਼ੇਸ਼ ਇਲਾਜ ਮਿਲ ਸਕੇਗਾ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਹਸਪਤਾਲ ਵਿੱਚ ਹਰ ਸੇਵਾ ਲਈ ਵੱਖਰਾ ਵੇਟਿੰਗ ਏਰੀਆ ਅਤੇ ਨਵਜਨਮੇ ਬੱਚਿਆਂ ਲਈ ਵਿਸ਼ੇਸ਼ ਫੀਡਿੰਗ ਯੂਨਿਟ ਵੀ ਬਣਾਇਆ ਜਾਵੇਗਾ, ਤਾਂ ਜੋ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਧੀਆ ਸਹੂਲਤਾਂ ਮਿਲ ਸਕਣ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿਹਤ ਖੇਤਰ ਨੂੰ ਮਜ਼ਬੂਤ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਇਹ ਹਸਪਤਾਲ ਸੁਨਾਮ ਅਤੇ ਆਸ-ਪਾਸ ਦੇ ਇਲਾਕਿਆਂ ਲਈ ਵਰਦਾਨ ਸਾਬਤ ਹੋਵੇਗਾ। ਇਹ ਪ੍ਰੋਜੈਕਟ ਇੱਕੋ ਛੱਤ ਹੇਠ ਮੁਕੰਮਲ ਇਲਾਜ ਦੇ ਸੰਕਲਪ ਨੂੰ ਸਾਕਾਰ ਕਰੇਗਾ ਅਤੇ ਲੋਕਾਂ ਨੂੰ ਆਧੁਨਿਕ ਤੇ ਗੁਣਵੱਤਾ ਭਰੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਏਗਾ।

ਇਸ ਮੌਕੇ ਡਿਪਟੀ ਡਾਇਰੈਕਟਰ ਸਿਹਤ ਮੈਡਮ ਮੋਨਿਕਾ, ਯਾਦਵਿੰਦਰ ਨਿਰਮਾਣ, ਮਨਪ੍ਰੀਤ ਬਾਂਸਲ, ਸਾਹਿਬ ਸਿੰਘ, ਆਸ਼ਾ ਬਜ ਾਜ, ਮਾਹੀ ਮਹੰਤ, ਸੰਦੀਪ ਸੋਨੀ ਵਿਰਕ ਲਖਮੀਰਵਾਲਾ, ਯਸ਼ਪਾਲ ਮੰਗਲਾ, ਐਮ ਸੀ ਸ਼੍ਰੀ ਖਟਾਕ, ਐਮ ਸੀ ਸ਼੍ਰੀ ਸਕਸੈਨਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰ, ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

30 ਜੂਨ ਤੱਕ 'ਓਪਨ ਮੈਨਹੋਲ ਫ੍ਰੀ' ਹੋਵੇਗਾ ਪੰਜਾਬ: ਹਰਜੋਤ ਸਿੰਘ ਬੈਂਸ

ਸਥਾਨਕ ਸਰਕਾਰਾਂ ਮੰਤਰੀ ਨੇ ਮਿਊਂਸੀਪਲ ਕਮਿਸ਼ਨਰਾਂ ਅਤੇ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਪਾਲਣਾ ਰਿਪੋਰਟ ਜਮ੍ਹਾਂ ਕਰਾਉਣ ਦੇ ਦਿੱਤੇ ਨਿਰਦੇਸ਼

ਚੰਡੀਗੜ੍ਹ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜਨਤਕ ਸੁਰੱਖਿਆ ਦੇ ਮੱਦੇਨਜ਼ਰ ਵੱਡਾ ਕਦਮ ਚੁੱਕਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਸੂਬੇ ਦੇ ਹਰ ਸ਼ਹਿਰ ਨੂੰ 'ਓਪਨ ਮੈਨਹੋਲ-ਫ੍ਰੀ' ਕਰਨ ਲਈ 30 ਜੂਨ 2026 ਆਖ਼ਰੀ ਮਿਤੀ ਤੈਅ ਕੀਤੀ ਹੈ। ਸਾਰੇ ਨਗਰ ਨਿਗਮ ਕਮਿਸ਼ਨਰਾਂ ਅਤੇ ਵਧੀਕ ਡਿਪਟੀ ਕਮਿਸ਼ਨਰਾਂ (ਸ਼ਹਿਰੀ ਵਿਕਾਸ) ਨੂੰ ਇਸ ਸਬੰਧ ਵਿੱਚ ਇੰਨ-ਬਿਨ ਪਾਲਣਾ ਰਿਪੋਰਟ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਮਿਸ਼ਨ ਕਲੀਨ ਪੰਜਾਬ ਤਹਿਤ 'ਜ਼ੀਰੋ ਓਪਨ ਮੈਨਹੋਲ' ਮੁਹਿੰਮ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਜਾਂ ਅਣਗਹਿਲੀ ਦੇ ਸਖ਼ਤ ਨਤੀਜੇ ਭੁਗਤਣੇ ਪੈਣਗੇ। ਹਰਜੋਤ ਸਿੰਘ ਨੇ ਦੱਸਿਆ ਕਿ ਇਹ ਨਿਰਦੇਸ਼ ਸੂਬਾ ਪੱਧਰੀ ਸੁਰੱਖਿਆ ਆਡਿਟ ਤੋਂ ਬਾਅਦ ਆਇਆ ਹੈ, ਜਿਸ ਵਿੱਚ ਮਾਨਸੂਨ ਸੀਜ਼ਨ ਤੋਂ ਪਹਿਲਾਂ ਸੀਵਰੇਜ ਬੁਨਿਆਦੀ ਢਾਂਚੇ ਵਿੱਚ 1451 ਮੈਨਹੋਲ ਖੁੱਲ੍ਹੇ ਹੋਣ ਬਾਰੇ ਖ਼ੁਲਾਸਾ ਹੋਇਆ ਸੀ। ਉਨ੍ਹਾਂ ਕਿਹਾ ਕਿ 1000 ਤੋਂ ਵੱਧ ਮੈਨਹੋਲ ਪਹਿਲਾਂ ਹੀ ਠੀਕ ਕੀਤੇ ਜਾ ਚੁੱਕੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬਰਸਾਤ ਦੇ ਮੌਸਮ ਦੌਰਾਨ ਪਾਣੀ ਭਰਨ ਨਾਲ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਲਈ ਬਾਕੀ ਸਾਰੇ ਖੁੱਲ੍ਹੇ ਪਏ ਮੈਨਹੋਲਾਂ ਨੂੰ ਬੰਦ ਕਰਨ ਵਿੱਚ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।

ਖੁੱਲ੍ਹੇ ਮੈਨਹੋਲਾਂ ਨੂੰ ਖਾਸ ਕਰਕੇ ਬਰਸਾਤੀ ਮੌਸਮ ਦੌਰਾਨ 'ਮੌਤ ਦਾ ਖੂਹ' ਦੱਸਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਲਾਪਰਵਾਹੀ ਲਈ ਜ਼ੀਰੋ ਸਹਿਣਸ਼ੀਲਤਾ ਦੀ ਚੇਤਾਵਨੀ ਦਿੱਤੀ। ਇਹ ਮੁਹਿੰਮ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਅਗਵਾਈ ਹੇਠ ਚੱਲ ਰਹੇ 'ਮਿਸ਼ਨ ਕਲੀਨ ਪੰਜਾਬ' ਪਹਿਲਕਦਮੀ ਦਾ ਹਿੱਸਾ ਹੈ।

ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਸਥਾਨਕ ਸਰਕਾਰਾਂ ਵਿਭਾਗ ਨੇ ਮੈਨਹੋਲ ਬੰਦ ਕਰਨ ਦੀ ਅਸਲ-ਸਮੇਂ ਦੀ ਟਰੈਕਿੰਗ ਲਈ ਇੱਕ ਏ.ਆਈ.-ਏਕੀਕ੍ਰਿਤ ਮੋਬਾਈਲ ਐਪ ਵੀ ਸ਼ੁਰੂ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਿਵਲ ਅਧਿਕਾਰੀਆਂ ਨੂੰ ਹੁਣ ਸਵੇਰੇ 7 ਵਜੇ ਤੋਂ ਸਵੇਰੇ 8 ਵਜੇ ਤੱਕ ਰੋਜ਼ਾਨਾ ਲਾਜ਼ਮੀ ਫੀਲਡ ਨਿਰੀਖਣ ਕਰਨਗੇ, ਜਦ ਕਿ ਸਾਰੇ ਸ਼ਹਿਰੀ ਕੇਂਦਰਾਂ ਵਿੱਚ 'ਵਾਰ ਰੂਮ' ਵਿਖੇ ਤਾਇਨਾਤ ਸਟਾਫ਼ 24 ਘੰਟੇ ਪਾਣੀ ਭਰਨ, ਚੋਕ ਹੋਏ ਸੀਵਰੇਜਾਂ ਅਤੇ ਮਾਨਸੂਨ ਨਾਲ ਸਬੰਧਤ ਸ਼ਿਕਾਇਤਾਂ ਦੀ ਨਿਗਰਾਨੀ ਕਰੇਗਾ।

ਇਸ ਮੁਹਿੰਮ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸ਼੍ਰੀ ਘਣਸ਼ਿਆਮ ਥੋਰੀ, ਪ੍ਰਸ਼ਾਸਕੀ ਸਕੱਤਰ ਸਥਾਨਕ ਸਰਕਾਰਾਂ ਵਿਭਾਗ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਆਖ਼ਰੀ ਮਿਤੀ ਪੁੱਗਣ ਵਿੱਚ ਸਿਰਫ਼ 8 ਦਿਨ ਬਾਕੀ ਹਨ ਤੇ ਖੁੱਲ੍ਹੇ ਮੈਨਹੋਲਾਂ ਨੂੰ ਬੰਦ ਕਰਨ ਵਿੱਚ ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਅਟਾਰੀ-ਵਾਘਾ ਸਰਹੱਦ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਅਮਨ ਦਾ ਸੁਨੇਹਾ, ਅਮਰੀਕਾ ਤੇ ਪਾਕਿਸਤਾਨ ਦਾ ਕੀਤਾ ਧੰਨਵਾਦ

ਅੰਮ੍ਰਿਤਸਰ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਅਟਾਰੀ-ਵਾਹਘਾ ਸਰਹੱਦ 'ਤੇ ਅੱਜ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਅਤੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਅਪੀਲ ਕੀਤੀ ਗਈ, ਜਿਸ ਵਿੱਚ ਵਿਸ਼ਵ ਭਰ ਵਿੱਚ ਅਮਨ ਅਤੇ ਸਥਿਰਤਾ ਕਾਇਮ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਪਾਰਟੀ ਆਗੂਆਂ ਨੇ ਕਿਹਾ ਕਿ ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੁੰਦੀ, ਸਗੋਂ ਇਸ ਦਾ ਸਭ ਤੋਂ ਵੱਡਾ ਨੁਕਸਾਨ ਆਮ ਲੋਕਾਂ, ਕਿਸਾਨਾਂ, ਮਜ਼ਦੂਰਾਂ ਅਤੇ ਗਰੀਬ ਵਰਗ ਨੂੰ ਝੱਲਣਾ ਪੈਂਦਾ ਹੈ। ਪਾਰਟੀ ਵੱਲੋਂ ਜਾਰੀ ਕੀਤੀ ਗਈ ਅਪੀਲ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪਾਕਿਸਤਾਨ ਸਰਕਾਰ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਮੱਧ ਪੂਰਬ ਵਿੱਚ ਵਧ ਰਹੇ ਜੰਗੀ ਤਣਾਅ ਨੂੰ ਘਟਾਉਣ ਅਤੇ ਅਮਨ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਨ ਲਈ ਆਪਣੀ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਜੰਗੀ ਟਕਰਾਅ ਹੋਰ ਵਧਦਾ ਤਾਂ ਇਸ ਦਾ ਸਿੱਧਾ ਪ੍ਰਭਾਵ ਦੁਨੀਆ ਭਰ ਦੀ ਅਰਥਵਿਵਸਥਾ 'ਤੇ ਪੈਂਦਾ ਅਤੇ ਤੇਲ, ਗੈਸ, ਆਵਾਜਾਈ ਅਤੇ ਹੋਰ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋ ਸਕਦਾ ਸੀ, ਜਿਸ ਦਾ ਸਭ ਤੋਂ ਵੱਧ ਬੋਝ ਭਾਰਤ ਦੇ ਗਰੀਬ ਅਤੇ ਮੱਧ ਵਰਗ ਦੇ ਲੋਕਾਂ 'ਤੇ ਪੈਂਦਾ ਸੀ।ਇਮਾਨ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਰਾਹ ਜੰਗਾਂ ਵਿੱਚ ਨਹੀਂ, ਸਗੋਂ ਅਮਨ, ਵਪਾਰ ਅਤੇ ਆਪਸੀ ਸਹਿਯੋਗ ਵਿੱਚ ਹੈ।

ਉਨ੍ਹਾਂ ਕਿਹਾ ਕਿ ਜਦੋਂ ਵੀ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਪੈਦਾ ਹੁੰਦਾ ਹੈ ਤਾਂ ਇਸ ਦੀ ਸਭ ਤੋਂ ਵੱਡੀ ਕੀਮਤ ਦੋਵਾਂ ਪਾਸਿਆਂ ਦੇ ਪੰਜਾਬੀਆਂ ਨੂੰ ਚੁਕਾਉਣੀ ਪੈਂਦੀ ਹੈ। ਸਰਹੱਦੀ ਇਲਾਕਿਆਂ ਵਿੱਚ ਵਪਾਰਕ ਗਤੀਵਿਧੀਆਂ ਪ੍ਰਭਾਵਿਤ ਹੁੰਦੀਆਂ ਹਨ, ਨਿਵੇਸ਼ ਘਟਦਾ ਹੈ ਅਤੇ ਵਿਕਾਸ ਦੇ ਮੌਕੇ ਰੁਕ ਜਾਂਦੇ ਹਨ। ਇਸ ਦੇ ਉਲਟ ਜੇਕਰ ਖੇਤਰ ਵਿੱਚ ਅਮਨ ਅਤੇ ਸਥਿਰਤਾ ਹੋਵੇ ਤਾਂ ਪੰਜਾਬ ਦੁਬਾਰਾ ਦੱਖਣੀ ਏਸ਼ੀਆ ਅਤੇ ਮੱਧ ਏਸ਼ੀਆ ਦੇ ਦੇਸ਼ਾਂ ਵਿਚਕਾਰ ਵਪਾਰਕ ਦਰਵਾਜ਼ੇ ਵਜੋਂ ਆਪਣੀ ਅਹਿਮ ਭੂਮਿਕਾ ਨਿਭਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਟਾਰੀ-ਵਾਹਘਾ ਸਰਹੱਦ ਰਾਹੀਂ ਵਪਾਰ ਨੂੰ ਹੋਰ ਉਤਸ਼ਾਹਿਤ ਕਰਨ ਨਾਲ ਆਵਾਜਾਈ, ਖੇਤੀਬਾੜੀ, ਉਦਯੋਗ, ਗੋਦਾਮਬੰਦੀ ਅਤੇ ਛੋਟੇ ਕਾਰੋਬਾਰਾਂ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਸਕਦੇ ਹਨ। ਇਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੀ ਨਵੀਂ ਤਾਕਤ ਮਿਲੇਗੀ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਰਾਹ ਖੁੱਲ੍ਹਣਗੇ।ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਖੇਤਰ ਵਿੱਚ ਅਮਨ ਬਣਾਈ ਰੱਖਣ। ਪਾਰਟੀ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਨੂੰ ਆਪਣੇ ਵਿਵਾਦ ਗੱਲਬਾਤ, ਆਪਸੀ ਸਤਿਕਾਰ ਅਤੇ ਸਹਿਯੋਗ ਰਾਹੀਂ ਹੱਲ ਕਰਨੇ ਚਾਹੀਦੇ ਹਨ, ਕਿਉਂਕਿ ਅਮਨ ਹੀ ਖੁਸ਼ਹਾਲੀ ਅਤੇ ਲੋਕ ਭਲਾਈ ਦਾ ਆਧਾਰ ਹੈ। ਅਪੀਲ ਦੇ ਅੰਤ ਵਿੱਚ ਪਾਰਟੀ ਆਗੂਆਂ ਨੇ ਕਿਹਾ ਕਿ ਪੰਜਾਬ ਨੂੰ ਜੰਗ ਦੀ ਸਰਹੱਦ ਨਹੀਂ, ਸਗੋਂ ਵਪਾਰ, ਉਦਯੋਗ, ਊਰਜਾ ਅਤੇ ਖੁਸ਼ਹਾਲੀ ਦਾ ਦਰਵਾਜ਼ਾ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਟਕਰਾਅ ਦਾ ਨਹੀਂ, ਸਗੋਂ ਅਮਨ, ਤਰੱਕੀ ਅਤੇ ਮਨੁੱਖੀ ਭਲਾਈ ਦਾ ਹੈ। ਇਸ ਮੌਕੇ ਅਮਰੀਕ ਸਿੰਘ ਨੰਗਲ, ਸ਼ਮਸ਼ੇਰ ਸਿੰਘ ਬਰਾੜ, ਹਰਜੀਤ ਸਿੰਘ ਮੀਆਪੁਰ, ਦਲਜੀਤ ਸਿੰਘ ਬਾਜਵਾ, ਹਰਮਨਦੀਪ ਸਿੰਘ ਸੁਲਤਾਨਵਿੰਡ, ਨੰਬਰਦਾਰ ਗੁਰਮੇਲ ਸਿੰਘ, ਪਰਮਜੀਤ ਸਿੰਘ ਖਾਸਾ, ਕੁਲਵੰਤ ਸਿੰਘ ਕੋਟਲਾ, ਰਵੀ ਸ਼ੇਰ ਸਿੰਘ, ਜੋਬਨਜੀਤ ਸਿੰਘ ਤੇ ਹੋਰ ਹਾਜ਼ਰ ਸਨ।

ਬੂਥ ਲੈਵਲ ਏਜੰਟਾਂ (ਬੀਐਲਏਜ) ਲਈ ਔਰੀਐਂਟੇਸ਼ਨ ਪ੍ਰੋਗਰਾਮ

ਪਟਿਆਲਾ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਚੋਣ ਕਮਿਸ਼ਨ, ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਗਹਿਰੀ ਸੁਧਾਈ (ਐਸ ਆਈ ਆਰ) ਮੁਹਿੰਮ ਤਹਿਤ ਵਿਧਾਨ ਸਭਾ ਹਲਕਾ 115-ਪਟਿਆਲਾ ਵਿਖੇ ਵੱਖ-ਵੱਖ ਪਾਰਟੀਆਂ ਦੇ ਬੂਥ ਲੈਵਲ ਏਜੰਟਾਂ (ਬੀਐਲਏਜ) ਲਈ ਕਰਵਾਏ ਔਰੀਐਂਟੇਸ਼ਨ ਪ੍ਰੋਗਰਾਮ ਦੌਰਾਨ ਵਧੀਕ ਮੁੱਖ ਚੋਣ ਅਫਸਰ, ਪੰਜਾਬ ਸ਼੍ਰੀ ਅਮਨਦੀਪ ਬਾਂਸਲ ਨੇ ਟ੍ਰੇਨਿੰਗ ਦਾ ਜਾਇਜ਼ਾ ਲਿਆ। ਇਸ ਮੌਕੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ (ਈਆਰਓ) ਗੁਰਦੇਵ ਸਿੰਘ, ਤਹਿਸੀਲਦਾਰ ਚੋਣਾਂ ਵਿਜੈ ਕੁਮਾਰ ਚੌਧਰੀ, ਏ.ਈ.ਆਰ.ਓ.-1 ਕਮ- ਨਾਇਬ ਤਹਿਸੀਲਦਾਰ ਕਰਨਬੀਰ ਸਿੰਘ ਮਾਨ, ਅਸੈਂਬਲੀ ਲੈਵਲ ਮਾਸਟਰ ਟ੍ਰੇਨਰ ਧਰਮਿੰਦਰ ਸਿੰਘ, ਚੋਣ ਕਾਨੂੰਗੋ ਪ੍ਰੀਤੀ ਸ਼ਰਮਾ ਇਲੈਕਸ਼ਨ ਇੰਚਾਰਜ ਗੁਰਦੇਵ ਸਿੰਘ ਵੀ ਹਾਜ਼ਰ ਸਨ।

ਪੰਜਾਬ ਟ੍ਰੇਡ ਕਮਿਸ਼ਨ ਦੇ ਵਾਈਸ ਚੇਅਰਮੈਨ ਗੁ

ਰਿਫੌਰਮ ਐਕਸਪ੍ਰੈੱਸ ਦੇ ਅਧੀਨ ਵੱਧ ਰਹੀ ਨਿਆਂ ਦੀ ਸੌਖ

ਸ਼੍ਰੀ ਅਰਜੁਨ ਰਾਮ ਮੇਘਵਾਲ

ਨਿਆਂ ਹਮੇਸ਼ਾ ਮਨੁੱਖੀ ਸੱਭਿਅਤਾ ਦਾ ਇੱਕ ਬਹੁਤ ਮਹੱਤਵਪੂਰਨ ਅਤੇ ਅਨਿੱਖੜਵਾਂ ਥੰਮ੍ਹ ਰਿਹਾ ਹੈ। ਸਾਡੀ ਪ੍ਰਾਚੀਨ ਸੱਭਿਆਚਾਰਕ ਵਿਰਾਸਤ ਦੀ ਸਮ੍ਰਿੱਧ ਪਰੰਪਰਾ ਅਤੇ ਉਸ ਦੇ ਸਥਾਈ ਪ੍ਰਤੀਕ ਸਮੂਹਿਕ ਤੌਰ 'ਤੇ ਉਨ੍ਹਾਂ ਸੰਸਥਾਗਤ ਵਿਵਸਥਾਵਾਂ ਨੂੰ ਦਰਸਾਉਂਦੇ ਹਨ ਜਿਨ੍ਹਾਂ ਨੇ ਮਨੁੱਖੀ ਸੱਭਿਅਤਾ ਦੀ ਵਿਕਾਸ ਯਾਤਰਾ ਨੂੰ ਸਹੀ ਰਸਤੇ 'ਤੇ ਅੱਗੇ ਵਧਾਇਆ, ਮਾਰਗਦਰਸ਼ਨ ਕੀਤਾ ਅਤੇ ਨਿਰੰਤਰ ਅੱਗੇ ਵਧਣ ਵਿੱਚ ਸਹਾਇਤਾ ਕੀਤੀ। ਮਨੁੱਖੀ ਸੱਭਿਅਤਾ ਦੇ ਨਿਰੰਤਰ ਵਿਕਾਸ ਦੇ ਨਤੀਜੇ ਵਜੋਂ ਗਿਆਨ-ਵਿਗਿਆਨ ਅਤੇ ਤਕਨੀਕ ਨਾਲ ਸਮ੍ਰਿੱਧ ਆਧੁਨਿਕ ਸਮਾਜ ਵਿੱਚ ਇੱਕ-ਦੂਜੇ ਨਾਲ ਜੁੜੇ ਵਿਅਕਤੀਆਂ ਅਤੇ ਭਾਈਚਾਰਿਆਂ ਦੇ ਆਪਸੀ ਸਬੰਧਾਂ ਵਿੱਚ ਵੀ ਵੱਖ-ਵੱਖ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਕਾਰਨ ਪਰਿਵਰਤਨ ਆਇਆ ਹੈ, ਫਿਰ ਵੀ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਵਿਗਿਆਨਕ ਪ੍ਰਗਤੀ ਅਤੇ ਤਕਨੀਕੀ ਤਰੱਕੀ ਨੇ ਦੇਸ਼ ਦੀਆਂ ਸਰਹੱਦਾਂ ਤੋਂ ਅੱਗੇ ਜਾ ਕੇ ਵਿਚਾਰਾਂ ਦੇ ਨਿਰਵਿਘਨ ਅਦਾਨ-ਪ੍ਰਦਾਨ ਨੂੰ ਹੋਰ ਵਧੇਰੇ ਪਹੁੰਚਯੋਗ ਬਣਾਇਆ ਹੈ।

ਅਨਾਦਿ ਕਾਲ ਤੋਂ, ਇੱਕ ਵਿਚਾਰ ਦੀ ਦੂਜੇ ਵਿਚਾਰ 'ਤੇ ਸ਼੍ਰੇਸ਼ਠਤਾ ਸਥਾਪਿਤ ਕਰਨ ਦੀ ਹੋੜ ਨਿਆਂ ਸ਼ਾਸਤਰ ਦੇ ਵਿਕਾਸ ਦੀ ਇੱਕ ਮਜ਼ਬੂਤ ਨੀਂਹ ਰਹੀ ਹੈ। ਯੁੱਗਾਂ ਤੋਂ ਵਿਚਾਰਾਂ ਅਤੇ ਕਦਰਾਂ-ਕੀਮਤਾਂ ਦੇ ਇਸ ਅੰਦਰੂਨੀ ਸੰਘਰਸ਼ ਵਿਚਕਾਰ ਨਿਆਂਇਕ ਸੰਸਥਾਵਾਂ ਨੇ ਸੱਚਾਈ, ਨਿਰਪੱਖਤਾ ਅਤੇ ਕਾਨੂੰਨ ਦੇ ਸ਼ਾਸਨ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਮੁੜ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਨਿਭਾਈ ਹੈ। ਇਨ੍ਹਾਂ ਨੇ ਇੱਕ ਬ੍ਰਿਜ ਦਾ ਕੰਮ ਕੀਤਾ ਹੈ ਜੋ ਹਰੇਕ ਸਬੰਧਿਤ ਧਿਰ ਨੂੰ, ਇੱਥੇ ਤੱਕ ਕਿ ਉਨ੍ਹਾਂ ਲੋਕਾਂ ਨੂੰ ਵੀ ਜੋ ਖੁਦ ਨੂੰ ਵੱਖ-ਵੱਖ ਮਹਿਸੂਸ ਕਰਦੇ ਹਨ, ਨਿਆਂ ਅਤੇ ਜਨਤਕ ਭਲਾਈ ਦੀ ਇੱਕ ਵਿਆਪਕ ਪ੍ਰਕਿਰਿਆ ਨਾਲ ਜੁੜਾਅ, ਵਿਸ਼ਵਾਸ ਅਤੇ ਸ਼ਮੂਲੀਅਤ ਦਾ ਅਨੁਭਵ ਕਰਵਾਉਂਦਾ ਹੈ।

ਇਸ ਸਥਾਈ ਸੰਸਥਾਗਤ ਪ੍ਰਤੀਬੱਧਤਾ ਦੇ ਕਾਰਨ ਇੱਕ ਅਜਿਹੀ ਸਸ਼ਕਤ ਵਿਵਸਥਾ ਨਿਰਮਿਤ ਹੁੰਦੀ ਹੈ ਜੋ ਨਾ ਸਿਰਫ ਨਿਆਂ ਤੱਕ ਪਹੁੰਚ ਯਕੀਨੀ ਬਣਾਉਂਦੀ ਹੈ ਸਗੋਂ ਹਰੇਕ ਨਾਗਰਿਕ ਦੇ ਜੀਵਨ ਨੂੰ ਅਸਾਨ ਅਤੇ ਪਹੁੰਚਯੋਗ ਬਣਾਉਣ ਲਈ ਜ਼ਰੂਰੀ ਹੈ। ਵਰਤਮਾਨ ਸੰਦਰਭ ਵਿੱਚ ਵਿਕਸਿਤ ਭਾਰਤੀ ਨਿਆਂ ਸ਼ਾਸਤਰ ਨੇ ਖੁਦ ਨੂੰ ਆਧੁਨਿਕ ਚੁਣੌਤੀਆਂ ਅਤੇ ਉਪਲਬਧ ਮੌਕਿਆਂ ਦੇ ਅਨੁਸਾਰ ਢਾਲ ਲਿਆ ਹੈ। ਸਾਡੀ ਸੰਵਿਧਾਨਕ ਵਿਰਾਸਤ ਸਾਨੂੰ ਆਜ਼ਾਦੀ ਘੁਲਾਟੀਆਂ ਅਤੇ ਰਾਸ਼ਟਰ ਨਿਰਮਾਤਾਵਾਂ ਦਾ ਸੁਪਨਾ ਸਾਕਾਰ ਕਰਦੇ ਹੋਏ ਇੱਕ ਸਮਾਨਤਾਵਾਦੀ ਸਮਾਜ ਦੇ ਨਿਰਮਾਣ ਦੀ ਦਿਸ਼ਾ ਵਿੱਚ ਟਿਕਾਊ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸ਼ਾਮਲ ਨਿਆਂ ਦੀ ਤ੍ਰਿਵੇਣੀ ਯਾਨੀ ਰਾਜਨੀਤਕ, ਸਮਾਜਿਕ ਅਤੇ ਆਰਥਿਕ ਨਿਆਂ ਅਤੇ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਆਦਰਸ਼ ਸੰਸਥਾਵਾਂ ਅਤੇ ਵਿਅਕਤੀਆਂ ਦੋਵਾਂ ਲਈ ਇੱਕ ਨੈਤਿਕ ਦਿਸ਼ਾ ਸੂਚਕ ਵਜੋਂ ਕੰਮ ਕਰਦੇ ਹਨ।

ਸੁਤੰਤਰ ਭਾਰਤ ਨੂੰ ਸੰਵਿਧਾਨ ਵਜੋਂ ਇੱਕ ਆਦਰਸ਼ ਮਾਰਗਦਰਸ਼ਕ ਪ੍ਰਾਪਤ ਹੋਇਆ ਜਿਸ ਨੇ ਸਾਡੇ ਰਾਸ਼ਟਰ ਦੀ ਪ੍ਰਗਤੀ ਦੀ ਦਿਸ਼ਾ ਨਿਰਧਾਰਿਤ ਕੀਤੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਵੇਂ ਅਸੀਂ ਰਾਜਨੀਤਕ ਆਜ਼ਾਦੀ ਹਾਸਲ ਕਰ ਲਈ ਸੀ, ਫਿਰ ਵੀ ਡੂੰਘੀ ਜੜ੍ਹਾ ਜਮ੍ਹਾਂ ਚੁੱਕੀਆਂ ਬਸਤੀਵਾਦੀ ਮਾਨਸਿਕਤਾ ਭਾਰਤੀ ਚਿੰਤਨ ਅਤੇ ਕਦਰਾਂ-ਕੀਮਤਾਂ ਲਈ ਇੱਕ ਬੌਧਿਕ ਰੁਕਾਵਟ ਬਣੀ ਰਹੀ। ਲਾਰਡ ਮੈਕਾਲੇ ਦੀ ਸਿੱਖਿਆ ਨੀਤੀ, ਉਸ ਤੋਂ ਬਾਅਦ ਭਾਰਤ ਦੇ ਨਾਗਰਿਕਾਂ ਲਈ ਬਣਾਏ ਗਏ ਦੰਡ ਕਾਨੂੰਨ ਅਤੇ ਵਿਭਿੰਨ ਨੀਤੀਆਂ ਨੇ ਨਿਯਮਾਂ ਦਾ ਇੱਕ ਗੁੰਝਲਦਾਰ ਜਾਲ ਬਣਾਇਆ, ਜਿਸ ਨੇ ਦੇਸ਼ ਦੀ ਜਨਤਾ ਦੀ ਸੁਤੰਤਰਤਾ ਨੂੰ ਸੀਮਤ ਕੀਤਾ। 19ਵੀਂ ਸਦੀ ਦੀ ਮਾਨਸਿਕਤਾ ਅਤੇ 20ਵੀਂ ਸਦੀ ਦੇ ਕਾਨੂੰਨ 21ਵੀਂ ਸਦੀ ਦੀਆਂ ਇੱਛਾਵਾਂ ਨੂੰ ਪੂਰਾ ਨਹੀਂ ਕਰ ਸਕਦੇ।

ਸਾਨੂੰ ਆਪਣੀਆਂ ਰਾਸ਼ਟਰੀ ਉਪਲਬਧੀਆਂ 'ਤੇ ਬਹੁਤ ਮਾਣ ਹੈ। ਫਿਰ ਵੀ, ਜਦੋਂ ਅਸੀਂ ਮੋਦੀ ਸਰਕਾਰ ਦੀ 12 ਵਰ੍ਹਿਆਂ ਦੀ ਵਿਕਾਸ ਯਾਤਰਾ 'ਤੇ ਨਜ਼ਰ ਪਾਉਂਦੇ ਹਾਂ ਤਾਂ ਸ਼ਾਸਨ ਵਿਵਸਥਾ ਵਿੱਚ ਇੱਕ ਸਪਸ਼ਟ ਅਤੇ ਸਕਾਰਾਤਮਕ ਪਰਿਵਰਤਨ ਦਿਖਾਈ ਦਿੰਦਾ ਹੈ ਜਿਸ ਨੇ ਨਾਗਰਿਕਾਂ ਦੇ ਜੀਵਨ ਨੂੰ ਕਈ ਪੱਧਰਾਂ 'ਤੇ ਪ੍ਰਭਾਵਿਤ ਕੀਤਾ ਹੈ। ਸਾਲ 2014 ਨੂੰ ਸਾਡੇ ਦੇਸ਼ ਦੀ ਲੋਕਤੰਤਰੀ ਯਾਤਰਾ ਦੇ ਇੱਕ ਮਹੱਤਵਪੂਰਨ ਪੜਾਅ ਵਜੋਂ ਯਾਦ ਕੀਤਾ ਜਾਵੇਗਾ। ਇਹ ਉਹ ਸਾਲ ਸੀ ਜਦੋਂ ਦੇਸ਼ ਵਿੱਚ ਨੌਜਵਾਨਾਂ ਦੀ ਵਿਸ਼ਾਲ ਆਬਾਦੀ (Demographic Dividend) ਨੂੰ ਦੇਸ਼ ਦੇ ਵਿਕਾਸ ਵਿੱਚ ਸਭ ਤੋਂ ਵੱਧ ਮਹੱਤਵਪੂਰਨ (Development Dividend) ਮੰਨਣ ਵਾਲੇ ਤੇਜ਼ ਗਤੀ ਨਾਲ ਵਿਕਸਿਤ ਹੋ ਰਹੇ ਭਾਰਤ ਦੀ ਪੂਰਨ ਸਮਰਥਾ ਨੂੰ ਸਾਕਾਰ ਕਰਨ ਲਈ ਨੀਤੀਗਤ ਦਖ਼ਲਅੰਦਾਜ਼ੀਆਂ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਅਤੇ ਸਮਰੱਥ ਬਣਾਇਆ ਗਿਆ।

ਦੇਸ਼ ਦੇ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇ ਕੁਸ਼ਲ ਅਤੇ ਦੂਰਦਰਸ਼ੀ ਅਗਵਾਈ ਵਿੱਚ ਸੰਪੂਰਣ ਸ਼ਾਸਨ ਵਿਵਸਥਾ ਨੇ ਰਿਫਾਰਮ ਐਕਸਪ੍ਰੈੱਸ ਨਾਲ ਪ੍ਰੇਰਿਤ ਵਿਕਾਸ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਅਪਣਾਉਂਦੇ ਹੋਏ ਸਸ਼ਕਤੀਕਰਣ ਦੀ ਸ਼ਕਤੀ ਦਾ ਪ੍ਰਦਰਸ਼ਨ ਦਿੱਤਾ ਹੈ। ਇਸ ਦੀ ਯਾਤਰਾ ਨੂੰ ਸੰਖੇਪ ਵਿੱਚ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ ਕਿ ਇਹ ਜ਼ਮੀਨੀ ਪੱਧਰ ਤੋਂ 'ਈਜ਼ ਆਫ ਲਿਵਿੰਗ' ਨੂੰ ਹੁਲਾਰਾ ਦੇਣ ਦਾ ਯਤਨ ਹੈ। ਨਾਲ ਹੀ, 'ਰਾਸ਼ਟਰ ਪ੍ਰਥਮ' ਦੇ ਦ੍ਰਿਸ਼ਟੀਕੋਣ ਨੂੰ ਸਿਖਰਲੇ ਪੱਧਰ ਤੋਂ ਲਾਗੂ ਕਰਨਾ ਵੀ ਇਸ ਦਾ ਉਦੇਸ਼ ਹੈ।

ਇਸੇ ਤਰ੍ਹਾਂ, ਭਾਰਤ ਦੀ ਨਿਆਂਇਕ ਸੁਧਾਰਾਂ ਦੀ ਯਾਤਰਾ ਵੀ ਵਿਆਪਕਤਾ, ਇਨੋਵੇਸ਼ਨ ਅਤੇ ਡੂੰਘੀ ਸਮਾਜਿਕ ਅਤੇ ਸੱਭਿਆਤਾਗਤ ਪ੍ਰਤੀਬੱਧਤਾ ਦੀ ਇੱਕ ਪ੍ਰੇਰਕ ਗਾਥਾ ਰਹੀ ਹੈ। ਇਹ ਇੱਕ ਵਿਆਪਕ ਅਤੇ ਬਹੁਪੱਖੀ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ ਜਿਸ ਵਿੱਚ ਵਿਧਾਨਕ ਆਧੁਨਿਕੀਕਰਣ, ਸੰਸਥਾਗਤ ਮਜ਼ਬੂਤੀ ਅਤੇ ਡਿਜੀਟਲ ਨਵੀਨਤਾ ਸ਼ਾਮਲ ਹੈ।

'ਈਜ਼ ਆਫ ਜਸਟਿਸ' ਸਾਡੇ ਲਈ ਸਿਰਫ਼ ਇੱਕ ਕਥਨ ਨਹੀਂ ਹੈ ਸਗੋਂ ਇਹ ਇੱਕ ਸੁਧਾਰ ਦਾ ਮੰਤਰ ਹੈ ਜਿਸ ਵਿੱਚ ਨਿਆਂ ਲਈ ਅਦਾਲਤਾਂ ਵਿੱਚ ਜਾਣ ਵਾਲਿਆਂ ਲਈ 'ਈਜ਼ ਆਫ ਇੰਗੇਜਮੈਂਟ', ਵਕੀਲਾਂ ਅਤੇ ਜੱਜਾਂ ਲਈ 'ਈਜ਼ ਆਫ ਵਰਕਿੰਗ' ਅਤੇ ਨਾਗਰਿਕਾਂ ਲਈ 'ਈਜ਼ ਆਫ ਅੰਡਰਸਟੈਂਡਿੰਗ' ਸ਼ਾਮਲ ਹਨ।

ਨਿਆਂ ਲਈ ਅਦਾਲਤਾਂ ਵਿੱਚ ਜਾਣ ਵਾਲੇ ਨਾਗਰਿਕਾਂ ਦੀ ਸੁਵਿਧਾ ਲਈ DISHA ਯੋਜਨਾ ਦੇ ਤਹਿਤ ਟੈਲੀ-ਲਾਅ, ਨਿਆਂ ਬੰਧੂ ਅਤੇ ਪ੍ਰੋ ਬੋਨੋ ਸੇਵਾਵਾਂ ਦੇ ਵਿਸਤਾਰ ਨੇ ਨਿਆਂ ਪ੍ਰਾਪਤੀ ਨੂੰ ਵਧੇਰੇ ਅਸਾਨ ਅਤੇ ਕਿਫਾਇਤੀ ਬਣਾ ਦਿੱਤਾ ਹੈ। ਕਾਮਨ ਸਰਵਿਸ ਸੈਂਟਰ (CSC) ਦੇ ਵਿਆਪਕ ਨੈੱਟਵਰਕ ਰਾਹੀਂ ਸੰਚਾਲਿਤ ਟੈਲੀ-ਲਾਅ ਪ੍ਰੋਗਰਾਮ ਤਹਿਤ ਗ੍ਰਾਮੀਣ ਅਤੇ ਦੂਰ-ਢਰਾਡੇ ਦੇ ਖੇਤਰਾਂ ਦੇ 112 ਲੱਖ ਤੋਂ ਵੱਧ ਲਾਭਾਰਥੀਆਂ ਨੂੰ ਅਦਾਲਤਾਂ ਵਿੱਚ ਮੁਕਦਮਾ ਦਾਇਰ ਕਰਨ ਨਾਲ ਪਹਿਲਾ ਫ੍ਰੀ ਕਾਨੂੰਨੀ ਸਲਾਹ ਪ੍ਰਾਪਤ ਕਰਨ ਦਾ ਲਾਭ ਮਿਲਿਆ ਹੈ। ਈ-ਫਾਇਲਿੰਗ ਅਤੇ ਈ-ਸੇਵਾ ਕੇਂਦਰ ਦੀ ਸੇਵਾਵਾਂ ਨੇ ਅਦਾਲਤ ਵਿੱਚ ਮੁਕਦਮਾ ਦਾਇਰ ਕਰਨ ਵਾਲੇ ਵਿਅਕਤੀਆਂ ਅਤੇ ਨਿਆਂਇਕ ਵਿਵਸਥਾ ਵਿਚਕਾਰ ਨਿਯਮਿਤ ਸੰਵਾਦ ਅਤੇ ਸੰਪਰਕ ਨੂੰ ਹੋਰ ਵਧੇਰੇ ਅਸਾਨ ਬਣਾਇਆ ਹੈ। ਆਧੁਨਿਕ ਤਕਨਾਲੋਜੀ ਅਤੇ ਭਾਈਚਾਰਕ ਭਾਗੀਦਾਰੀ ਦੇ ਤਾਲਮੇਲ ਦਾ ਭਾਰਤ ਦਾ ਇਹ ਅਨੌਖਾ ਮਾਡਲ ਆਲਮੀ ਪੱਧਰ 'ਤੇ ਇੱਕ ਮਿਆਰੀ ਵਜੋਂ ਉਭਰਿਆ ਹੈ।

ਵਕੀਲਾਂ ਅਤੇ ਜੱਜਾਂ ਦੇ ਲਈ 'ਈਜ਼ ਆਫ ਵਰਕਿੰਗ' ਨੂੰ ਡਿਜੀਟਲ ਅਤੇ ਭੌਤਿਕ ਬੁਨਿਆਦੀ ਢਾਂਚੇ ਦੋਹਾਂ ਵਿੱਚ ਵਿਆਪਕ ਵਿਸਤਾਰ ਦੁਆਰਾ ਮਹੱਤਵਪੂਰਨ ਤੌਰ 'ਤੇ ਮਜ਼ਬੂਤ ਕੀਤਾ ਗਿਆ ਹੈ। ਕਿਉਂਕਿ ਜ਼ਿਲ੍ਹਾ ਅਤੇ ਅਧੀਨ ਨਿਆਂਪਾਲਿਕਾ ਦੇਸ਼ ਦੇ ਜ਼ਿਆਦਾਤਰ ਨਾਗਰਿਕਾਂ ਲਈ ਨਿਆਂਇਕ ਪ੍ਰਣਾਲੀ ਦਾ ਪਹਿਲਾ ਸੰਪਰਕ ਬਿੰਦੂ ਹੈ, ਅੰਤ ਵਿੱਚ ਇਸ ਨੂੰ ਮਜ਼ਬੂਤ ਕਰਨਾ ਇੱਕ ਲਾਜ਼ਮੀ ਅਤੇ ਵਿਵਹਾਰਿਕ ਤਰਜੀਹ ਬਣੀ ਹੋਈ ਹੈ। ਇਸੇ ਦ੍ਰਿਸ਼ਟੀ ਨਾਲ, ਕੇਂਦਰੀ ਸਪਾਂਸਰ ਯੋਜਨਾ ਦੇ ਤਹਿਤ ਅਦਾਲਤੀ ਇਮਾਰਤਾਂ, ਵਕੀਲ ਚੈਂਬਰਾਂ, ਰਿਹਾਇਸ਼ੀ ਇਕਾਈਆਂ ਅਤੇ ਡਿਜੀਟਲ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਇਸ ਦੇ ਨਤੀਜੇ ਵਜੋਂ, ਦੇਸ਼ ਵਿੱਚ ਅਦਾਲਤੀ ਇਮਾਰਤਾਂ ਦੀ ਗਿਣਤੀ ਵਧ੍ਹੇ 2014 ਦੇ 15,818 ਤੋਂ ਵਧ ਕੇ 22,712 ਹੋ ਗਈ ਹੈ ਅਤੇ ਅਤਿ-ਆਧੁਨਿਕ ਏਕੀਕ੍ਰਿਤ ਅਦਾਲਤੀ ਕੰਪਲੈਕਸਾਂ ਦੇ ਵਿਕਾਸ ਲਈ ਵਧ੍ਹੇ 2014 ਦੇ ਬਾਅਦ ਤੋਂ ਹੁਣ ਤੱਕ 9,400.40 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ, 7200 ਕਰੋੜ ਰੁਪਏ ਦੇ ਬਜਟੀ ਖਰਚੇ ਨਾਲ ਸ਼ੁਰੂ ਕੀਤਾ ਗਿਆ ਈ-ਕੋਰਟ ਪੜਾਅ-999 ਪ੍ਰੋਜੈਕਟ ਦਾ ਉਦੇਸ਼ ਅਦਾਲਤਾਂ ਨੂੰ ਪੂਰੀ ਤਰ੍ਹਾਂ ਡਿਜੀਟਲ, ਪੇਪਰਲੈਸ ਅਤੇ ਏਆਈ-ਸਮਰੱਥ ਨਿਆਂ ਵੰਡ ਸੰਸਥਾਨਾਂ ਵਿੱਚ ਤਬਦੀਲ ਕਰਨਾ ਹੈ। ਵੀਡੀਓ ਕਾਨਫਰੰਸਿੰਗ ਸੁਵਿਧਾਵਾਂ,ਵਰਚੁਅਲ ਕੋਰਟ ਅਤੇ ਅਦਾਲਤੀ ਕਾਰਵਾਈ ਦੀ ਲਾਈਵ ਸਟ੍ਰੀਮਿੰਗ ਜਿਹੀਆਂ ਪਹਿਲਕਦਮੀਆਂ ਨੇ ਨਿਆਂਪਾਲਿਕਾ ਨੂੰ ਲੋਕਾਂ ਦੇ ਹੋਰ ਕਰੀਬ ਲਿਆ ਦਿੱਤਾ ਹੈ ਅਤੇ ਨਿਆਂ ਵੰਡ ਨੂੰ ਵਧੇਰੇ ਪਹੁੰਚਯੋਗ, ਪਾਰਦਰਸ਼ੀ ਅਤੇ ਕੁਸ਼ਲ ਬਣਾਇਆ ਹੈ।

ਭਾਰਤ ਜਿਹੇ ਭਾਸ਼ਾਈ ਵਿਭਿੰਨਤਾ ਵਾਲੇ ਦੇਸ਼ ਵਿੱਚ ਨਾਗਰਿਕਾਂ ਦੇ ਲਈ 'ਈਜ਼ ਆਫ਼ ਅੰਡਰਸਟੈਂਡਿੰਗ ਦਾ ਹੋਣਾ 'ਈਜ਼ ਆਫ਼ ਜਸਟਿਸ' ਦੇ ਵਿਆਪਕ ਢਾਂਚੇ ਦਾ ਇੱਕ ਬਹੁਤ ਹੀ ਮਹੱਤਵਪੂਰਨ ਥੰਮ੍ਹ ਹੈ। ਇਸ ਉਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਪਰੀਮ ਕੋਰਟ ਲੀਗਲ ਟ੍ਰਾਂਸਲੇਸ਼ਨ ਸੌਫਟਵੇਅਰ (SUVAS) ਅਤੇ ਭਾਸ਼ਿਣੀ (Bhashini) ਜਿਹੇ ਏਆਈ-ਸੰਚਾਲਿਤ ਨੈਚੁਰਲ ਲੈਂਗਵੇਜ਼ ਉਪਕਰਣ ਸੁਪਰੀਮ ਕੋਰਟ ਦੇ ਫੈਸਲਿਆਂ ਅਤੇ ਆਦੇਸ਼ਾਂ ਦਾ 18 ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਕਰ ਰਹੇ ਹਨ, ਜਿਸ ਨਾਲ ਆਮ ਜਨਤਾ ਦੇ ਲਈ ਕਾਨੂੰਨੀ ਜਾਣਕਾਰੀ ਵਧੇਰੇ ਪਹੁੰਚਯੋਗ ਹੋ ਰਹੀ ਹੈ। ਇਸ ਯਤਨ ਨੂੰ ਹੋਰ ਜ਼ਿਆਦਾ ਸਸ਼ਕਤ ਬਣਾਉਣ ਲਈ ਨੈਸ਼ਨਲ ਜੁਡੀਸ਼ੀਅਲ ਡੇਟਾ ਗ੍ਰਿੱਡ (NJDG) ਜੋ ਇੱਕ ਅੰਕੜਾ ਅਤੇ ਵਿਸ਼ਲੇਸ਼ਣਾਤਮਕ ਮੰਚ ਹੈ, 340 ਮਿਲੀਅਨ ਤੋਂ ਵੱਧ ਅਦਾਲਤੀ ਆਦੇਸ਼ਾਂ ਅਤੇ ਉਨ੍ਹਾਂ ਨਾਲ ਸਬੰਧਿਤ ਜਾਣਕਾਰੀਆਂ ਦੇ ਵਿਸ਼ਲੇਸ਼ਣ ਤੱਕ ਇੱਕ ਕਲਿੱਕ ਵਿੱਚ ਪਹੁੰਚ ਪ੍ਰਦਾਨ ਕਰਦਾ ਹੈ। ਨਾਲ ਹੀ, ਸਰਕਾਰ ਸਿੱਖਿਆ ਸ਼ਾਸਤਰੀਆਂ ਦੇ ਸਹਿਯੋਗ ਨਾਲ ਸਰਲ ਅਤੇ ਅਸਾਨ ਵਿਧਾਨਕ ਡ੍ਰਾਫਟਿੰਗ ਨੂੰ ਹੁਲਾਰਾ ਦੇ ਰਹੀ ਹੈ ਤਾਂ ਜੋ ਕਾਨੂੰਨਾਂ ਨੂੰ ਵਧੇਰੇ ਸਰਲ ਅਤੇ ਆਮ ਨਾਗਰਿਕਾਂ ਦੇ ਅਨੁਕੂਲ ਬਣਾਇਆ ਜਾ ਸਕੇ।

ਭਾਰਤ ਵਿੱਚ ਬਸਤੀਵਾਦੀ ਦੰਡ ਸੰਹਿਤਾ ਦੇ ਸਥਾਨ 'ਤੇ ਨਵੀਂ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਲਾਗੂ ਕਰਨ ਨਾਲ ਅਪਰਾਧਿਕ ਪ੍ਰਣਾਲੀ ਦੇ ਸਥਾਨ 'ਤੇ ਨਿਆਂਇਕ ਪ੍ਰਣਾਲੀ ਸਥਾਪਿਤ ਹੋਈ ਹੈ। ਈ-ਕੋਰਟ, ਈ-ਪ੍ਰੋਸੀਕਿਊਸ਼ਨ, ਈ-ਪ੍ਰਿਜ਼ਨ ਅਤੇ ਈ-ਫੋਰੈਂਸਿਕ ਨੂੰ ਅਪਰਾਧ ਅਤੇ ਅਪਰਾਧਿਕ ਟ੍ਰੈਕਿੰਗ ਨੈੱਟਵਰਕ ਅਤੇ ਸਿਸਟਮ (CCTNS) ਦੇ ਨਾਲ ਜੋੜਨਾ ਵੀ ਇੱਕ ਮਹੱਤਵਪੂਰਨ ਪਰਿਵਰਤਨਕਾਰੀ ਕਦਮ ਹੈ। 'ਨਯਾਯ ਸ਼ਰੂਤੀ' ਪਲੈਟਫਾਰਮ ਨੇ ਵਰਚੁਅਲ ਮੰਜ਼ੂਦਗੀ ਅਤੇ ਗਵਾਹਾਂ ਦੇ ਬਿਆਨਾਂ ਨੂੰ ਰਿਕਾਰਡ ਕਰਨ ਦੀ ਪ੍ਰਕਿਰਿਆ ਨੂੰ ਇੰਨੀ ਕੁਸ਼ਲਤਾ ਨਾਲ ਪਹੁੰਚਯੋਗ ਬਣਾਇਆ ਹੈ ਕਿ ਜਦੋਂ ਕੋਈ ਅਦਾਲਤ ਕਿਸੇ ਨਾਗਰਿਕ ਨੂੰ ਜ਼ਮਾਨਤ ਦਿੰਦੀ ਹੈ, ਤਾਂ ਡਿਜੀਟਲ ਜ਼ਮਾਨਤ ਆਦੇਸ਼ ਤੁਰੰਤ ਜੇਲ੍ਹ ਪੋਰਟਲ 'ਤੇ ਪਹੁੰਚ ਜਾਂਦਾ ਹੈ ਜਿਸ ਨਾਲ ਕਾਗਜ਼ੀ ਕਾਰਵਾਈ ਅਤੇ ਪ੍ਰਸ਼ਾਸਨਿਕ ਦੇਰੀ ਸਮਾਪਤ ਹੋ ਜਾਂਦੀ ਹੈ ਜੋ ਰਵਾਇਤੀ ਤੌਰ 'ਤੇ ਸਮੇਂ 'ਤੇ ਰਿਹਾਈ ਵਿੱਚ ਰੁਕਾਵਟ ਪਾਉਂਦੀ ਸੀ। ਇਹ ਅਸਲ ਸਮੇਂ ਵਿੱਚ ਕੇਸ ਡੇਟਾ ਦੇ ਅਦਾਨ-ਪ੍ਰਦਾਨ ਨੂੰ ਸਮਰੱਥ ਬਣਾਉਂਦਾ ਹੈ ਅਤੇ ਇੱਕ ਅੰਤਰ-ਸੰਚਾਲਿਤ ਅਪਰਾਧਿਕ ਨਿਆਂ ਪ੍ਰਣਾਲੀ (ICJS) ਦਾ ਰਾਹ ਪੱਧਰਾ ਕਰਦਾ ਹੈ।

ਹਾਈਕੋਰਟ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵੀ ਸਾਰਥਕ ਉਪਾਅ ਕੀਤੇ ਗਏ ਹਨ। ਹਾਈ ਕੋਰਟਾਂ ਵਿੱਚ ਜੱਜਾਂ ਦੀ ਸਵੀਕ੍ਰਿਤ ਸੰਖਿਆ ਵਧ੍ਹੇ 2014 ਦੇ 906 ਤੋਂ ਵਧ ਕੇ 1122 ਹੋ ਗਈ ਹੈ। ਸੁਪਰੀਮ ਕੋਰਟ ਵਿੱਚ ਜੱਜਾਂ ਦੀ ਸੰਖਿਆ ਵੀ 31 ਸੀ ਜਿਸ ਨੂੰ ਵਧ੍ਹੇ 2019 ਵਿੱਚ ਵਧਾ ਕੇ 34 ਕਰ ਦਿੱਤਾ ਗਿਆ ਹੈ ਅਤੇ ਸੁਪਰੀਮ ਕੋਰਟ (ਜੱਜਾਂ ਦੀ ਸੰਖਿਆ) ਸੰਸ਼ੋਧਨ ਆਰਡੀਨੈਂਸ, 2026 ਰਾਹੀਂ ਇਸ ਨੂੰ ਵਧਾ ਕੇ 38 ਕਰ ਦਿੱਤਾ ਗਿਆ ਹੈ। ਪਿਛਲੇ 12 ਵਰ੍ਹਿਆਂ ਵਿੱਚ ਦੇਸ਼ ਦੇ ਹਾਈ ਕੋਰਟਾਂ ਵਿੱਚ ਸਮਾਜਿਕ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ 1175 ਜੱਜਾਂ ਦੀ ਅਤੇ ਸੁਪਰੀਮ ਕੋਰਟ ਵਿੱਚ 77 ਜੱਜਾਂ ਦੀ ਨ

ਮਾਸਟਰ ਬੁੱਕੜ ਸਿੰਘ ਦਾ ਮਾਣ ਪੱਤਰ

ਜਿੰਨਾ ਚਾਅ ਸਰਕਾਰੀ ਨੌਕਰੀ ਮਿਲਣ ਦਾ ਹੁੰਦਾ ਹੈ, ਉਸ ਤੋਂ ਕਿਤੇ ਵੱਧ ਚਾਅ ਸਰਕਾਰੀ ਨੌਕਰੀ ਤੋਂ ਪੂਰੇ ਮਾਣ-ਤਾਣ ਨਾਲ ਸੇਵਾਮੁਕਤ ਹੋਣ ਦਾ ਹੁੰਦਾ ਹੈ। ਮਾਸਟਰ ਬੁੱਕੜ ਸਿੰਘ ਵੀ ਅੱਜ ਪੂਰੀ ਸ਼ਾਨੋ-ਸ਼ੌਕਤ ਨਾਲ ਆਪਣੀ ਸੇਵਾਮੁਕਤੀ ਦਾ ਆਖਰੀ ਦਿਨ ਵੀ ਵਿਭਾਗ ਨੂੰ ਸਮਰਪਿਤ ਕਰ ਰਹੇ ਸਨ। ਉਂਝ ਤਾਂ ਮਾਸਟਰ ਜੀ ਦੋ ਸਾਲ ਪਹਿਲਾਂ ਹੀ ਘਰ ਬੈਠ ਜਾਣੇ ਸਨ ਪਰ ਸਰਕਾਰ ਵਲੋਂ ਦਿੱਤੀ ਗਈ ਐਕਸਟੈਂਸ਼ਨ ਸਦਕਾ ਮਾਸਟਰ ਜੀ ਨੇ ਆਪਣੇ ਕੀਮਤੀ ਦੋ ਸਾਲ ਵਿਦਿਆਰਥੀਆਂ ਦੇ ਲੇਖੇ ਲਾ ਦਿੱਤੇ ਸਨ। ਉਂਝ ਜਦੋਂ ਮਾਸਟਰ ਜੀ ਆਪਣੇ ਸਾਥੀਆਂ ਨਾਲ ਤਰਲ ਪਦਾਰਥ ਪੀਣ ਦੀ ਮਹਿਫਲ ਸਜਾਉਂਦੇ, ਨਾਲ ਦੇ ਸਾਥੀ ਬਥੇਰੀਆਂ ਟਿੱਚਰਾਂ ਕਰਦੇ, "ਬੁੱਕੜ ਸਿਆਂ, ਛੱਡ ਖਹਿੜਾ ਹੁਣ ਸਰਕਾਰ ਦਾ, ਹੋਰ ਕਿੰਨੇ ਕੁ ਬੱਚਿਆਂ ਦੇ ਲੇਖ ਵਿਗਾੜਨੇ ਆਂ...! ਹੋਰ ਕਿਸੇ ਨਵੇਂ ਨੂੰ ਮੌਕਾ ਲੈ ਲੈਣ ਦੇ, ਤੂੰ ਤਾਂ ਬਥੇਰੇ ਚੰਨ ਚਾੜ੍ਹ 'ਤੇ।" ਅੱਗੋਂ ਬੁੱਕੜ ਸਿੰਘ ਇਕੋ ਹੀ ਜਵਾਬ ਦਿੰਦਾ, "ਹੁਣ ਹੀ ਤਾਂ ਤਨਖਾਹ ਲੈਣ ਦਾ ਮਜ਼ਾ ਆਉਣ ਲੱਗਾ--ਨਾਲੇ ਮੈਂ ਕਿਹੜਾ ਸਕੂਲ ਪੱਥਰ ਤੋੜਨੇ ਆਂ...।"

ਇੰਝ ਗੱਲਾਂ ਸੁਣਦਿਆਂ-ਸੁਣਾਉਂਦਿਆਂ ਮਾਸਟਰ ਬੁੱਕੜ ਸਿੰਘ ਦੋ ਸਾਲਾਂ 'ਚ ਆਪਣੀ ਵਿਹਲੜਪੁਣੇ ਦੀ ਬੇੜੀ 'ਚ ਦੋ ਪੂਰ ਹੋਰ ਬਿਠਾ ਕੇ ਡੋਬ ਗਿਆ। ਉਂਝ ਬੁੱਕੜ ਸਿੰਘ ਕੋਈ ਸਾਧਾਰਨ ਬੰਦਾ ਨਹੀਂ ਸੀ। ਆਸੇ-ਪਾਸੇ ਦੇ ਚਹੁੰ ਪਿੰਡਾਂ ਦੇ ਲੋਕਾਂ 'ਚ ਉਸਦਾ ਉੱਠਣਾ-ਬੈਠਣਾ ਸੀ। ਜਿਹੜੀ ਮਰਜ਼ੀ ਰਾਜਨੀਤਕ ਪਾਰਟੀ ਹੋਵੇ, ਮਾਸਟਰ ਬੁੱਕੜ ਸਿੰਘ ਨੂੰ ਉਹ ਆਪਣਾ ਖਾਸ ਵਰਕਰ ਮੰਨਦੀ ਸੀ। ਬਸ ਐਨਾ ਕੁ ਫਰਕ ਸੀ ਕਿ ਜਿੱਤਣ ਵਾਲੇ ਉਮੀਦਵਾਰ ਦੇ ਗੋਡੇ ਘੁੱਟ ਲੈਂਦਾ ਸੀ ਅਤੇ ਹਾਰਨ ਵਾਲੇ ਦੇ ਚਰਨਾਂ 'ਚ ਅਫਸੋਸ। ਮਾਸਟਰ ਬੁੱਕੜ ਸਿੰਘ ਨੇ ਆਪਣੀ ਨੌਕਰੀ ਦੌਰਾਨ ਮਨਚਾਹੇ ਸਕੂਲਾਂ 'ਚ ਬਦਲੀਆਂ ਕਰਵਾਈਆਂ ਅਤੇ ਕਈ ਸਕੂਲਾਂ 'ਚ ਜਦੋਂ ਤਾਲਾ ਲੱਗਣ ਦੀ ਨੌਬਤ ਆਉਂਦੀ ਤਾਂ ਮਾਸਟਰ ਜੀ ਅਗਲੇ ਸਕੂਲ ਵੱਲ ਰੁਖ ਕਰ ਲੈਂਦੇ।

ਮਾਸਟਰ ਜੀ ਉਂਝ ਬੜੇ ਮਿਹਨਤੀ ਕਿਸਮ ਦੇ ਇਨਸਾਨ ਹਨ। ਆਪਣੇ ਜੀਵਨ 'ਚ ਤਰੱਕੀ ਦੇ ਖੂਬ ਝੰਡੇ ਗੱਡੇ ਸਨ। ਕਿਥੇ ਪਹਿਲਾਂ ਘੁੰਗਰੂਆਂ ਵਾਲੇ ਬਲਦਾਂ ਦੀ ਇਕ ਜੋੜੀ ਹੁੰਦੀ ਸੀ ਪਰ ਅੱਜ ਮਾਸਟਰ ਜੀ ਨੇ ਪੈਲੀ ਐਨੀ ਬਣਾ ਲਈ ਹੈ ਕਿ ਇਕ ਟਰੈਕਟਰ ਵੀ ਘੱਟ ਲੱਗਦਾ ਹੈ। ਇਹ ਸਾਰੀ ਪ੍ਰਾਪਰਟੀ ਐਵੇਂ ਕਿਵੇਂ ਨਹੀਂ ਬਣ ਗਈ। ਇਸ ਪਿੱਛੇ ਮਾਸਟਰ ਜੀ ਦੀ ਅਣਥੱਕ ਮਿਹਨਤ, ਸਕੂਲ ਸਮੇਂ ਦੀ ਉਪਯੋਗੀ ਵਰਤੋਂ ਅਤੇ ਸਰਕਾਰ ਵਲੋਂ ਮਿਲਦੀਆਂ ਦੋ ਤਨਖਾਹਾਂ ਦਾ ਯੋਗਦਾਨ ਸੀ। ਮਾਸਟਰ ਜੀ ਦੀ ਧਰਮਪਤਨੀ ਵੀ ਮਾਸਟਰ ਜੀ ਵਾਂਗ ਹੀ ਮਿਹਨਤੀ ਅਧਿਆਪਿਕਾ ਹੈ। ਭਾਵੇਂ ਕਿ ਮਾਸਟਰ ਜੀ ਦੇ ਪੜ੍ਹਾਏ ਹੋਏ ਬੱਚੇ ਡਰਾਈਵਰ ਤੋਂ ਉੱਪਰ ਕੁਝ ਨਹੀਂ ਬਣੇ ਪਰ ਆਪਣੇ ਦੋਵੇਂ ਬੱਚੇ ਚੰਗੀਆਂ ਵਿਦੇਸ਼ੀ ਕੰਪਨੀਆਂ 'ਚ ਸੈੱਟ ਹਨ। ਭਾਵੇਂ ਕਿ ਮਾਸਟਰ ਜੀ ਨੇ ਆਪਣੇ ਬੱਚਿਆਂ ਨੂੰ ਸਰਕਾਰੀ ਮੁਫਤ ਵਿੱਦਿਆ ਤੋਂ ਦੂਰ ਰੱਖਿਆ ਸੀ ਪਰ ਛੋਟੇ ਹੁੰਦੇ ਆਪਣੀ ਮੰਮੀ ਨਾਲ ਜ਼ਰੂਰ ਸਕੂਲ ਚਲੇ ਜਾਂਦੇ ਸਨ।

ਮਾਸਟਰ ਜੀ ਬੜੇ ਹੀ ਮਿਲਾਪੜੇ ਸੁਭਾਅ ਦੇ ਹਨ। ਮਜਾਲ ਐ, ਕਿਸੇ ਨੇ ਵੀ ਕਦੇ ਮਾਸਟਰ ਜੀ ਦੀ ਸਕੂਲ ਦੇਰ ਨਾਲ ਆਉਣ ਜਾਂ ਨਾ ਪੜ੍ਹਾਉਣ ਦੀ ਸ਼ਿਕਾਇਤ ਕੀਤੀ ਹੋਵੇ। ਦੂਜਿਆਂ ਨੂੰ ਖੁਸ਼ ਰੱਖਣ ਅਤੇ ਲੋੜਵੰਦ ਦੀ ਸਹਾਇਤਾ ਕਰਨ ਦਾ ਵਲ ਮਾਸਟਰ ਜੀ ਨੂੰ ਖੂਬ ਆਉਂਦਾ ਸੀ। ਨੌਕਰੀ ਦੌਰਾਨ ਸ਼ੁੱਧ ਬਾਸਮਤੀ ਦੇ ਚੌਲ, ਬਣਾਈ-ਸੁਆਰੀ ਕਣਕ, ਰਸ ਭਰੀਆਂ ਲੀਚੀਆਂ, ਸੰਧੂਰੀ ਅੰਬ, ਗੰਨੇ, ਸਾਗ ਆਦਿ ਕਈਆਂ ਨੂੰ ਭੇਟਾ ਕੀਤੇ। ਉਂਝ ਤਾਂ ਮਾਸਟਰ ਜੀ ਨਕਲ ਦੇ ਸਖਤ ਖਿਲਾਫ ਸਨ ਪਰ ਫਿਰ ਵੀ ਸਾਲਾਨਾ ਪ੍ਰੀਖਿਆ 'ਚ ਕੋਈ ਨਾ ਕੋਈ ਹੀਲਾ ਵਸੀਲਾ ਕਰ ਕੇ ਕਿਸੇ ਵੀ ਬੱਚੇ ਦਾ ਭਵਿੱਖ ਖਰਾਬ ਹੋਣ ਤੋਂ ਬਚਾਅ ਲੈਂਦੇ। ਉਂਝ ਤਾਂ ਮਾਸਟਰ ਜੀ ਸੁਭਾਅ ਦੇ ਬੜੇ ਹੀ ਸਹਿਣਸ਼ੀਲ ਮੰਨੇ ਜਾਂਦੇ ਹਨ ਪਰ ਜਦੋਂ ਕੋਈ ਬੱਚਾ ਜਮਾਤ 'ਚ ਸੁੱਤੇ ਪਏ ਦੀ ਨੀਂਦ 'ਚ ਖਲਲ ਪਾਵੇ ਤਾਂ ਗੁੱਸਾ ਆਉਣਾ ਸੁਭਾਵਿਕ ਹੀ ਹੈ। ਫਿਰ ਤਾਂ ਮਾਸਟਰ ਜੀ ਮੋਟੀਆਂ ਗਾਲ੍ਹਾਂ ਦੇ ਨਾਲ ਘਸੁੰਨ-ਮੁੱਕਿਆਂ ਦੀ ਵੀ ਬਰਸਾਤ ਕਰ ਦਿੰਦੇ ਸਨ। ਮਾਸਟਰ ਬੁੱਕੜ ਸਿੰਘ ਜੀ ਇਕੱਲੇ ਆਪਣੇ ਹਿੱਤਾਂ ਦੀ ਹੀ ਰਾਖੀ ਕਰਨ ਲਈ ਸੁਚੇਤ ਨਹੀਂ ਰਹੇ ਸਗੋਂ ਬਾਕੀ ਅਧਿਆਪਕਾਂ ਦੇ ਹਿੱਤਾਂ ਲਈ ਵੀ ਕਦੇ ਪ੍ਰਧਾਨਗੀ ਦੇ ਅਹੁਦੇ ਤੋਂ ਲਾਂਭੇ ਨਹੀਂ ਹੋਏ। ਕਈ ਵਾਰ ਬਾਕੀਆਂ ਨੇ ਫੰਡ ਹਜ਼ਮ ਕਰ ਜਾਣ ਦੇ ਦੋਸ਼ ਲਾਏ ਪਰ ਮਾਸਟਰ ਜੀ ਦੀ ਜੁਝਾਰੂ ਪ੍ਰਵਿਰਤੀ 'ਚ ਕੋਈ ਖੜੋਤ ਨਹੀਂ ਆਈ। ਨਵੇਂ ਨੌਕਰੀ 'ਚ ਆਏ ਕਈਆਂ ਨੂੰ ਰੋਜ਼ ਸੁਣਾਉਂਦੇ, "ਸਾਡੇ ਕਰ ਕੇ ਹੀ ਤੁਹਾਨੂੰ ਨੌਕਰੀ ਮਿਲੀ.. ਸਰਕਾਰ ਤਾਂ ਕਦੋਂ ਦੀ ਸਕੂਲ ਬੰਦ ਕਰਨ ਨੂੰ ਫਿਰਦੀ ਐ.. ਸਭ ਸਾਡੀ ਯੂਨੀਅਨ ਕਰ ਕੇ ਹੋਇਆ...ਕੁਰਬਾਨੀਆਂ ਵਾਲਾ ਇਤਿਹਾਸ ਹੈ ਸਾਡਾ..।" ਉਂਝ ਸੱਚਾਈ ਇਹ ਹੈ ਕਿ ਮਾਸਟਰ ਬੁੱਕੜ ਸਿੰਘ ਨੇ ਨਾ ਤਾਂ ਕਦੇ ਕੋਈ ਪੁਲਸ ਦੀ ਲਾਠੀ ਖਾਧੀ, ਨਾ ਹੀ ਕਦੇ ਜੇਲ ਗਿਆ। ਮਾਸਟਰ ਜੀ ਦਾ ਢਿੱਡ ਦੇਖ ਕੇ ਤਾਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਕਿ ਭੁੱਖ ਹੜਤਾਲ ਨਾਲ ਵੀ ਮਾਸਟਰ ਜੀ ਦਾ ਕੋਈ ਵਾਹ ਨਹੀਂ ਰਿਹਾ। ਨਿੱਜੀਕਰਨ ਰੋਕਣ ਦੀ ਦੁਹਾਈ ਦੇਣ ਵਾਲੇ ਮਾਸਟਰ ਜੀ ਦਾ ਆਪਣਾ ਪ੍ਰਾਈਵੇਟ ਸਕੂਲ ਹਰ ਸਾਲ ਤੀਹ ਫੁੱਟ ਉੱਚਾ ਹੁੰਦਾ ਜਾਂਦਾ।

ਚਲੋ ਛੱਡੋ, ਅਸੀਂ ਵੀ ਚਾਵਾਂ ਵਾਲੇ ਦਿਨ ਕਿਹੜੀ ਚਰਚਾ ਛੇੜ ਬੈਠੇ। ਆਓ ਵਿਦਾਇਗੀ ਪਾਰਟੀ ਵਾਲੇ ਸਥਾਨ 'ਤੇ ਚੱਲਦੇ ਹਾਂ। ਪੂਰੇ ਸਥਾਨ ਦੀ ਖੂਬਸੂਰਤ ਸਜਾਵਟ ਕੀਤੀ ਹੋਈ ਸੀ। ਹੋਵੇ ਵੀ ਕਿਉਂ ਨਾ, ਮਾਸਟਰ ਜੀ ਨੇ ਆਪਣੇ ਸਾਰੇ ਸਾਥੀਆਂ ਨੂੰ ਤਾੜਨਾ ਕੀਤੀ ਹੋਈ ਸੀ ਕਿ ਹਜ਼ਾਰ ਖੰਡ ਮੇਰੇ ਕੋਲੋਂ ਫੜ ਲਿਓ ਪਰ ਕੋਈ ਕਸਰ ਨਾ ਛੱਡਿਓ।

ਸਕੂਲ 'ਚ ਸਾਰੇ ਅਧਿਆਪਕ ਅਤੇ ਹੋਰ ਸ਼ੁਭਚਿੰਤਕ ਮਾਸਟਰ ਜੀ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਆਦਤਨ ਮਾਸਟਰ ਜੀ ਘੰਟਾ ਕੁ ਲੇਟ ਪਹੁੰਚੇ। ਪੂਰੇ ਲਾਮ-ਲਸ਼ਕਰ ਨਾਲ ਪਹੁੰਚੇ ਮਾਸਟਰ ਦੀ ਦਾ ਸਾਰੇ ਅਧਿਆਪਕਾਂ ਅਤੇ ਪਤਵੰਤੇ ਸੱਜਣਾਂ ਨੇ ਸ਼ਿੱਦਤ ਨਾਲ ਸਵਾਗਤ ਕੀਤਾ। ਸਟੇਜ 'ਤੇ ਬਿਰਾਜਮਾਨ ਹੋਣ ਪਿੱਛੋਂ ਸਟੇਜ ਸਕੱਤਰ ਨੇ ਭੂਮਿਕਾ ਬੰਨ੍ਹੀ ਅਤੇ ਫਿਰ ਇਕ ਅਨੁਭਵੀ ਅਧਿਆਪਕ ਨੂੰ ਮਾਸਟਰ ਜੀ ਦੇ ਸਨਮਾਨ 'ਚ ਮਾਣ-ਪੱਤਰ ਪੜ੍ਹਨ ਦਾ ਸੱਦਾ ਦਿੱਤਾ। ਸੁੰਦਰ ਫਰੇਮ 'ਚ ਜੜਿਆ ਮਾਣ-ਪੱਤਰ ਬੜੀ ਰੂਹ ਨਾਲ ਤਿਆਰ ਕੀਤਾ ਲੱਗਦਾ ਸੀ। ਸਾਰਿਆਂ ਨੂੰ ਜੀ ਆਇਆਂ ਨੂੰ ਕਹਿਣ ਪਿੱਛੋਂ ਮਾਣ-ਪੱਤਰ ਪੜ੍ਹਨਾ ਸ਼ੁਰੂ ਕੀਤਾ ਗਿਆ।

"ਇਹ ਮਾਣ-ਪੱਤਰ ਸ਼੍ਰੀ..। ਆਪ ਜੀ ਦਾ ਜਨਮ..। ਆਪ ਬਚਪਨ ਤੋਂ ਹੀ ਹੋਣਹਾਰ, ਮਿਹਨਤੀ, ਸਹਿਣਸ਼ੀਲ ਅਤੇ ਤੀਖਣ ਬੁੱਧੀ ਵਾਲੇ ਸਨ। ਮੁੱਢਲੀ ਸਿੱਖਿਆ ਆਪ ਨੇ..। ਆਪ ਜੀ ਦਾ ਵਿਆਹ..। ਬਤੌਰ ਸਰਕਾਰੀ ਅਧਿਆਪਕ ਆਪ ਜੀ ਦੀ ਨਿਯੁਕਤੀ..। ਆਪ ਜੀ ਨੇ ਆਪਣੇ ਸੇਵਾ ਕਾਲ ਦੌਰਾਨ ਵਿਦਿਆਰਥੀਆਂ ਨੂੰ ਮਿਹਨਤ ਅਤੇ ਬੜੀ ਸ਼ਿੱਦਤ ਨਾਲ ਪੜ੍ਹਾਇਆ। ਆਪ ਜੀ ਦੇ ਪੜ੍ਹਾਏ ਹੋਏ ਬੱਚੇ ਅੱਜ ਦੇਸ਼-ਵਿਦੇਸ਼ 'ਚ ਉੱਚੇ ਅਹੁਦਿਆਂ 'ਤੇ ਤਾਇਨਾਤ ਹਨ। ਆਪ ਜੀ ਨੇ ਆਪਣੀ ਹਰ ਡਿਊਟੀ ਨੂੰ ਤਨਦੇਹੀ ਨਾਲ ਨਿਭਾਇਆ। ਬੋਰਡ ਦੀਆਂ ਜਮਾਤਾਂ ਦੇ ਚੰਗੇ ਨਤੀਜੇ ਇਸ ਗੱਲ ਦੀ ਗਵਾਹੀ ਭਰਦੇ ਹਨ। ਮਾਸਟਰ ਜੀ ਨੇ ਨਕਲ, ਨਸ਼ੇ, ਭ੍ਰਿਸ਼ਟਾਚਾਰ ਅਤੇ ਹੋਰ ਕੁਰੀਤੀਆਂ ਖਿਲਾਫ ਡੱਟ ਕੇ ਆਵਾਜ਼ ਬੁਲੰਦ ਕੀਤੀ। ਬਤੌਰ ਯੂਨੀਅਨ ਲੀਡਰ..। ਸੇਵਾ ਕਾਲ ਦੌਰਾਨ ਮਾਸਟਰ ਜੀ ਨੇ ਕੋਈ ਵੀ ਕੁਤਾਹੀ ਨਹੀਂ ਕੀਤੀ। ਸਾਰੇ ਉੱਚ ਅਧਿਕਾਰੀ ਵੀ ਮਾਸਟਰ ਜੀ ਦੇ ਕਾਰਜ ਦੇ ਪ੍ਰਸ਼ੰਸਕ ਰਹੇ ਹਨ। ਅੱਜ ਮਾਸਟਰ ਬੁੱਕੜ ਸਿੰਘ ਜੀ ਦੇ ਸੇਵਾਮੁਕਤ ਹੋਣ ਨਾਲ ਇਕ ਮਿਹਨਤੀ, ਸੁਹਿਰਦ ਅਤੇ ਆਦਰਸ਼ ਅਧਿਆਪਕ ਦੀ ਵੱਡੀ ਘਾਟ ਆ ਜਾਵੇਗੀ। ਇਸ ਘਾਟ ਨੂੰ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਆਸ ਕਰਦੇ ਹਾਂ ਕਿ ਸਰਵਗੁਣ ਸੰਪੰਨ ਮਾਸਟਰ ਜੀ ਤੋਂ ਬਾਕੀ ਅਧਿਆਪਕ ਵੀ ਪ੍ਰੇਰਣਾ ਲੈਂਦੇ ਰਹਿਣਗੇ।

—ਪ੍ਰਦੀਪ ਸਿੰਘ ਮੌਜੀ
(81468-74643)

ਆਪਣੀ ਹੱਦ ਪਤਾ ਹੈ ਮੈਨੂੰ

ਨੁਸਰਤ ਭਰੂਚਾ

ਜੇਕਰ ਤੁਹਾਡੀ ਫੈਮਿਲੀ ਪਹਿਲਾਂ ਤੋਂ ਇੰਡਸਟਰੀ ਨਾਲ ਜੁੜੀ ਹੈ ਤਾਂ ਨਾਕਾਮੀਆਂ ਦੇ ਬਾਵਜੂਦ ਤੁਹਾਨੂੰ ਪੁਸ਼ਅਪ ਕੀਤਾ ਜਾਵੇਗਾ ਪਰ ਬਾਹਰੀ ਲੋਕਾਂ ਨੂੰ ਹਿੱਟ ਦੇ ਬਾਵਜੂਦ ਅੱਡੀਆਂ ਰਗੜਨੀਆਂ ਪੈਂਦੀਆਂ ਹਨ।

ਨੁਸਰਤ ਭਰੂਚਾ : ਸਾਲ 2006 'ਚ ਫਿਲਮ 'ਜੈ ਸੰਤੋਸ਼ੀ ਮਾਂ' ਦੇ ਜ਼ਰੀਏ ਬਾਲੀਵੁੱਡ 'ਚ ਡੈਬਿਊ ਕਰਨ ਤੋਂ ਬਾਅਦ 'ਕਲ ਕਿਸਨੇ ਦੇਖਾ ਹੈ', 'ਤਾਜਮਹੱਲ', 'ਆਕਾਸ਼ਵਾਣੀ', 'ਡਰ', 'ਦਿ ਮਾਲ', 'ਮੇਰੂਨੀਆ ਗੈਂਗਸਟਰ' ਅਤੇ 'ਲਵ ਸੈਕਸ ਔਰ ਧੋਖਾ' ਵਰਗੀਆਂ ਫਿਲਮਾਂ 'ਚ ਕੰਮ ਕਰਨ ਵਾਲੀ ਨੁਸਰਤ ਭਰੂਚਾ ਨੂੰ ਦਰਸ਼ਕਾਂ ਨੇ ਸਭ ਤੋਂ ਪਹਿਲਾਂ ਸਾਲ 2011 'ਚ ਆਈ ਫਿਲਮ 'ਪਿਆਰ ਕਾ ਪੰਚਨਾਮਾ' ਵਿਚ ਨੋਟਿਸ ਕੀਤਾ। ਉਸ ਤੋਂ ਬਾਅਦ ਫਿਰ ਉਹ 'ਪਿਆਰ ਕਾ ਪੰਚਨਾਮਾ 2' ਵਿਚ ਵੀ ਨਜ਼ਰ ਆਈ। ਫਿਰ ਫਿਲਮ 'ਸੋਨੂੰ ਕੇ ਟੀਟੂ ਕੀ ਸਵੀਟੀ' ਦੇ ਜ਼ਰੀਏ ਤਾਂ ਉਹ ਲੋਕਾਂ ਦੇ ਦਿਲਾਂ 'ਤੇ ਛਾ ਗਈ। ਇਹੀ ਵਜ੍ਹਾ ਹੈ ਕਿ ਅੱਜ ਉਹ ਸਾਰਿਆਂ ਦੀ ਫੇਵਰਟ ਹੋ ਗਈ ਹੈ। ਅੱਜ ਉਹ ਕਈ ਅਹਿਮ ਫਿਲਮਾਂ ਦਾ ਹਿੱਸਾ ਹੈ। ਪੇਸ਼ ਹਨ ਉਸ ਨਾਲ ਹੋਈ ਖਾਸ ਗੱਲਬਾਤ ਦੇ ਮੁੱਖ ਅੰਸ਼ :

*** ਬਾਲੀਵੁੱਡ 'ਚ ਤੁਸੀਂ ਦਸ ਸਾਲ ਦੀ ਜਰਨੀ ਪੂਰੀ ਕਰ ਲਈ ਹੈ। ਕਿਹੋ ਜਿਹਾ ਰਿਹਾ ਸਫਰ ?**

—ਦਸ ਸਾਲ ਦੀ ਜਰਨੀ ਪੂਰੀ ਕਰਨਾ ਕਿਸੇ ਵੀ ਕਲਾਕਾਰ ਲਈ ਵੱਡੀ ਗੱਲ ਹੁੰਦੀ ਹੈ ਪਰ ਬਾਲੀਵੁੱਡ ਇਕ ਅਜਿਹੀ ਜਗ੍ਹਾ ਹੈ ਕਿ ਇਥੇ ਕੱਲ ਕੀ ਹੋ ਜਾਵੇ, ਕੁਝ ਨਹੀਂ ਕਿਹਾ ਜਾ ਸਕਦਾ। ਇਕ ਸ਼ੁੱਕਰਵਾਰ ਤੁਹਾਡਾ ਭਵਿੱਖ ਤੈਅ ਕਰਨ ਲਈ ਕਾਫੀ ਹੁੰਦਾ ਹੈ ਕਿਉਂਕਿ ਇਥੇ ਇਕ ਕਲਾਕਾਰ ਦੇ ਹੱਥ 'ਚ ਕੁਝ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਇਥੇ ਹਮੇਸ਼ਾ ਤੁਹਾਨੂੰ ਨਵੇਂ ਪ੍ਰਾਜੈਕਟ ਦੀ ਤਲਾਸ਼ 'ਚ ਜਾਣਾ ਹੁੰਦਾ ਹੈ। ਨਾਲ ਹੀ ਇਥੇ ਧੀਰਜ ਰੱਖਣਾ ਵੀ ਬਹੁਤ ਜ਼ਰੂਰੀ ਹੈ। ਇਹ ਵੀ ਨਹੀਂ ਪਤਾ ਹੁੰਦਾ ਕਿ ਕਿੱਥੇ ਕਾਸਟਿੰਗ ਚੱਲ ਰਹੀ ਹੈ ਭਾਵ ਕਿਸੇ ਫਿਲਮ 'ਚ ਕਿਸਮਤ ਨਾਲ ਹੀ ਤੁਹਾਡੀ ਕਾਸਟਿੰਗ ਹੋ ਜਾਂਦੀ ਹੈ। ਫਿਰ ਵੀ ਆਪਣੇ ਸਫਰ ਨੂੰ ਲੈ ਕੇ ਮੈਂ ਸੰਤੁਸ਼ਟ ਹਾਂ।

✪ ਤਾਂ ਕੀ ਹੁਣ ਤੁਹਾਨੂੰ ਲੱਗਦਾ ਹੈ ਕਿ ਬਾਲੀਵੁੱਡ 'ਚ ਕਾਮਯਾਬੀ ਦਾ ਅਸਰ ਕਰੀਅਰ 'ਤੇ ਪੈਂਦਾ ਹੈ

—ਬਿਲਕੁਲ ਪੈਂਦਾ ਹੈ, ਖਾਸ ਕਰਕੇ ਬਾਹਰੀ ਕਲਾਕਾਰਾਂ ਲਈ ਤਾਂ ਕਾਮਯਾਬੀ ਬਹੁਤ ਜ਼ਰੂਰੀ ਹੈ। ਜੇਕਰ ਤੁਹਾਡੀ ਫੈਮਿਲੀ ਪਹਿਲਾਂ ਤੋਂ ਫਿਲਮ ਨਗਰੀ ਨਾਲ ਜੁੜੀ ਹੈ ਤਾਂ ਨਾਕਾਮੀਆਂ ਦੇ ਬਾਵਜੂਦ ਤੁਹਾਨੂੰ ਪੁਸ਼ਅਪ ਕੀਤਾ ਜਾਵੇਗਾ ਪਰ ਬਾਹਰੀ ਲੋਕਾਂ ਨੂੰ ਹਿੱਟ ਦੇ ਬਾਵਜੂਦ ਅੱਡੀਆਂ ਰਗੜਨੀਆਂ ਪੈਂਦੀਆਂ ਹਨ। ਜਦੋਂ ਤਕ ਮੇਰੀਆਂ ਫਿਲਮਾਂ ਨਾਕਾਮ ਰਹੀਆਂ, ਕੋਈ ਪੁੱਛਦਾ ਤਕ ਨਹੀਂ ਸੀ ਅਤੇ ਮੈਨੂੰ ਸਾਊਥ ਜਾਣਾ ਪਿਆ ਪਰ ਕਾਮਯਾਬੀ ਮਿਲਦਿਆਂ ਹੀ ਲੋਕਾਂ ਦੀ ਨਜ਼ਰ ਅਤੇ ਨਜ਼ਰੀਏ 'ਚ ਬਹੁਤ ਫਰਕ ਆ ਗਿਆ ਹੈ। ਇੰਡਸਟਰੀ ਅੱਜ ਮੈਨੂੰ ਵੱਖਰੀ ਤਰ੍ਹਾਂ ਨਾਲ ਦੇਖ ਰਹੀ ਹੈ। ਮੇਰੇ 'ਤੇ ਉਨ੍ਹਾਂ ਦਾ ਵਿਸ਼ਵਾਸ ਵਧ ਰਿਹਾ ਹੈ। ਇਸ ਵਜ੍ਹਾ ਨਾਲ ਮੇਰਾ ਵੀ ਹੌਸਲਾ ਵਧ ਗਿਆ ਹੈ, ਜਿਸ ਕਰਕੇ ਹੁਣ ਮੈਂ ਸਭ ਕੁਝ ਕਰਨਾ ਚਾਹੁੰਦੀ ਹਾਂ।

✪ ਆਪਣੀ ਫਿਲਮ 'ਡ੍ਰੀਮਗਰਲ' ਬਾਰੇ ਕੀ ਕਹੋਗੇ ?

—ਹੇਮਾ ਮਾਲਿਨੀ ਤੋਂ ਬਾਅਦ ਮੈਂ ਦੂਜੀ ਹੀਰੋਇਨ ਹਾਂ, ਜੋ ਸ਼ੋਭਾ ਕਪੂਰ, ਏਕਤਾ ਕਪੂਰ ਅਤੇ ਆਸ਼ੀਸ਼ ਸਿੰਘ ਵਲੋਂ ਪ੍ਰੋਡਿਊਸ ਕੀਤੀ ਜਾ ਰਹੀ ਡਾਇਰੈਕਟਰ ਰਾਜ ਸ਼ਾਂਡਿਲਯ ਦੀ ਫਿਲਮ 'ਡ੍ਰੀਮਗਰਲ' ਵਿਚ ਉਨ੍ਹਾਂ ਵਰਗਾ ਰੋਲ ਕਰ ਰਹੀ ਹਾਂ। 'ਵੈੱਲਕਮ ਬੈਕ', 'ਵ੍ਹੀਕੀ ਅਲੀ' ਅਤੇ 'ਡੂਮੀ' ਦੇ ਸੰਵਾਦ ਲੇਖਕ ਰਾਜ ਸ਼ਾਂਡਿਲਯ ਦੀ ਬਤੌਰ ਨਿਰਦੇਸ਼ਕ ਇਹ ਪਹਿਲੀ ਫਿਲਮ ਹੈ। ਸੁਭਾਵਿਕ ਤੌਰ 'ਤੇ ਇਹ ਮੇਰੇ ਲਈ ਬਹੁਤ ਵੱਡੀ ਉਪਲੱਬਧੀ ਹੈ। 'ਡ੍ਰੀਮਗਰਲ' ਵਿਚ ਮੇਰੇ ਆਪੋਜ਼ਿਟ ਆਯੁਸ਼ਮਾਨ ਖੁਰਾਨਾ ਹੈ। ਹਾਲਾਂਕਿ ਪਹਿਲਾਂ ਇਸ ਫਿਲਮ ਦਾ ਨਾਂ 'ਕਵਿਰਕੀ ਐਂਡ ਕ੍ਰੇਜ਼ੀ' ਸੀ, ਜੋ ਹੁਣ 'ਡ੍ਰੀਮਗਰਲ' ਹੋ ਗਿਆ ਹੈ। ਇਸ ਦੀ ਕਹਾਣੀ ਫਰੀਦਾਬਾਦ, ਹਰਿਆਣਾ 'ਤੇ ਆਧਾਰਿਤ ਹੋਵੇਗੀ। ਇਹ ਫਿਲਮ ਇਸੇ ਸਾਲ 13 ਸਤੰਬਰ ਨੂੰ ਰਿਲੀਜ਼ ਹੋਵੇਗੀ।

✪ ਇਸ ਫਿਲਮ 'ਚ ਤੁਹਾਡਾ ਕੀ ਕਿਰਦਾਰ ਹੈ ?

—ਡ੍ਰੀਮਗਰਲ, ਭਾਵ ਸਪਨੋਂ ਕੀ ਰਾਨੀ ਦਾ ਕਿਰਦਾਰ ਹੈ। ਦਰਅਸਲ, ਹਰ ਪ੍ਰੇਮੀ ਨੂੰ ਉਸ ਦੀ ਪ੍ਰੇਮਿਕਾ ਡ੍ਰੀਮਗਰਲ ਹੀ ਲੱਗਦੀ ਹੈ, ਭਾਵੇਂ ਉਹ ਮਾਡਰਨ ਹੋਵੇ ਜਾਂ ਦਿਹਾਤੀ। ਹਾਲਾਂਕਿ ਮੈਨੂੰ ਹੁਣ ਤਕ ਲੋਕਾਂ ਨੇ ਪਰਦੇ 'ਤੇ ਗਲੈਮਰਸ ਅਵਤਾਰ 'ਚ ਹੀ ਦੇਖਿਆ ਹੈ ਪਰ ਇਸ ਫਿਲਮ 'ਚ ਮੈਂ ਆਪਣਾ ਗਲੈਮਰਸ ਅਵਤਾਰ ਛੱਡ ਕੇ ਇਕ ਛੋਟੇ ਸ਼ਹਿਰ ਦੇ ਕਾਲਜ 'ਚ ਹੋਮ ਸਾਇੰਸ ਦੀ ਸਟੂਡੈਂਟ ਬਣੀ ਹਾਂ। ਇਸ ਫਿ

ਭਾਜਪਾ-ਅਕਾਲੀ ਗੱਠਜੋੜ ਬਾਰੇ ਸਮਾਂ ਆਉਣ 'ਤੇ ਫੈਸਲਾ ਲਵਾਂਗੇ: ਪ੍ਰਧਾਨ ਨਿਤਿਨ ਨਬੀਨ

ਨਵੀਂ ਦਿੱਲੀ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਪ੍ਰਧਾਨ ਨਿਤਿਨ ਨਬੀਨ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਜਾਂ ਕਿਸੇ ਹੋਰ ਅਕਾਲੀ ਧੜੇ ਨਾਲ ਗੱਠਜੋੜ ਦੇ ਸਬੰਧ ਵਿੱਚ ਫੈਸਲਾ ਸਮਾਂ ਆਉਣ 'ਤੇ ਲਿਆ ਜਾਵੇਗਾ ਅਤੇ ਅੱਜ ਉਹ ਸਮਾਂ ਨਹੀਂ ਹੈ। ਆਪਣੀ ਹਾਲੀਆ ਪੰਜਾਬ ਫੇਰੀ ਦੌਰਾਨ ਜਲੰਧਰ ਵਿੱਚ ਇੱਕ ਮੀਡੀਆ ਕਨਕਲੇਵ ਵਿੱਚ ਇੱਕ ਸਬੰਧਤ ਸਵਾਲ ਦਾ ਜਵਾਬ ਦਿੰਦੇ ਹੋਏ, ਨਬੀਨ ਨੇ ਕਿਹਾ, ÷ਕੁਝ ਮੁੱਦੇ ਸਮੇਂ ਦੀ ਕੁੱਖ ਵਿੱਚ ਹੁੰਦੇ ਹਨ ਅਤੇ ਜਦੋਂ ਉਹ ਸਮਾਂ ਆਵੇਗਾ ਤਾਂ ਹੱਲ ਹੋ ਜਾਣਗੇ।÷

ਨਬੀਨ ਨੇ ਦੁਹਰਾਇਆ ਕਿ ਮੌਜੂਦਾ ਪਲ ਅਤੇ ਮੌਜੂਦਾ ਸਥਿਤੀ ਵਿੱਚ ਭਾਜਪਾ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿੱਚ ਆਪਣੇ ਸੰਗਠਨ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ, ÷ਇਸ ਸਮੇਂ ਅਸੀਂ ਉਸ ਦਿਸ਼ਾ ਵਿੱਚ ਅੱਗੇ ਵਧ ਰਹੇ ਹਾਂ... ਜਦੋਂ ਚੋਣਾਂ ਨੇੜੇ ਆਉਣਗੀਆਂ ਅਤੇ ਚੀਜ਼ਾਂ ਅੱਗੇ ਵਧਣਗੀਆਂ, ਅਸੀਂ ਮੁਲਾਂਕਣ ਕਰਾਂਗੇ ਅਤੇ ਉਸ ਮੁਲਾਂਕਣ ਦੇ ਆਧਾਰ 'ਤੇ (ਗੱਠਜੋੜ ਬਾਰੇ) ਫੈਸਲਾ ਕਰਾਂਗੇ। ਅੱਜ ਅਸੀਂ ਨਾ ਤਾਂ ਗੱਠਜੋੜ ਦੇ ਹੱਕ ਵਿੱਚ ਹਾਂ ਅਤੇ ਨਾ ਹੀ ਗੱਠਜੋੜ ਦੇ ਵਿਰੁੱਧ ਹਾਂ।÷

ਉਨ੍ਹਾਂ ਕਿਹਾ ਕਿ ਪਾਰਟੀ ਨੇ ਫਿਲਹਾਲ ਆਪਣੇ ਦਮ 'ਤੇ ਅੱਗੇ ਵਧਣ ਦਾ ਫੈਸਲਾ ਕੀਤਾ ਹੈ। ਨਬੀਨ ਨੇ ਅੱਗੇ ਕਿਹਾ, ÷ਅਸੀਂ ਆਪਣੀ ਤਾਕਤ ਨਾਲ ਅੱਗੇ ਵਧਣਾ ਚਾਹੁੰਦੇ ਹਾਂ। ਕੁਝ ਚੀਜ਼ਾਂ ਸਮੇਂ ਦੀ ਕੁੱਖ ਵਿੱਚ ਹੁੰਦੀਆਂ ਹਨ। ਸਮਾਂ ਆਉਣ 'ਤੇ ਹੱਲ ਹੋ ਜਾਣਗੀਆਂ। ਅਗਲੇ ਛੇ ਮਹੀਨਿਆਂ ਵਿੱਚ ਅਸੀਂ ਇੱਕ ਮਜ਼ਬੂਤ ਆਧਾਰ 'ਤੇ ਰਹਾਂਗੇ ਅਤੇ ਹਰ ਹਿੱਸੇ ਵਿੱਚ ਹਰ ਮੁੱਦਾ ਉਠਾਵਾਂਗੇ ਅਤੇ ਆਪਣੇ ਸਾਰੇ ਮੁੱਦਿਆਂ ਨੂੰ ਲੈ ਕੇ ਲੋਕਾਂ ਕੋਲ ਜਾਵਾਂਗੇ। ਜਿੱਥੋਂ ਤੱਕ ਗੱਠਜੋੜ ਦੀ ਗੱਲ ਹੈ, ਇਸ ਬਾਰੇ ਫੈਸਲਾ ਕਰਨ ਲਈ ਬਹੁਤ ਸਮਾਂ ਹੈ। ਅੱਜ ਇਸ ਮੁੱਦੇ ਦੇ ਮੁਲਾਂਕਣ ਦਾ ਸਮਾਂ ਨਹੀਂ ਹੈ। ਸਮਾਂ ਆਉਣ ਦਿਓ।÷

ਉਨ੍ਹਾਂ ਕਿਹਾ ਕਿ ਅਗਲੇ ਛੇ ਮਹੀਨਿਆਂ ਤੱਕ ਭਾਜਪਾ ਨਵੇਂ ਸੂਬਾ ਪ੍ਰਧਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਆਪਣੀਆਂ ਯੋਜਨਾਵਾਂ ਅਤੇ ਰਣਨੀਤੀ ਨਾਲ ਅੱਗੇ ਵਧੇਗੀ। ਭਾਜਪਾ ਪ੍ਰਧਾਨ ਨੇ ਕਿਹਾ, ÷ਗੱਠਜੋੜ ਕਰਨਾ ਹੈ ਜਾਂ ਨਹੀਂ, ਇਹ ਸਮਾਂ ਆਉਣ 'ਤੇ ਫੈਸਲਾ ਕੀਤਾ ਜਾਵੇਗਾ।

ਅਸੀਂ ਦੇਖਾਂਗੇ ਕਿ ਸਾਨੂੰ ਲੋਕਾਂ ਤੋਂ ਕੀ ਸੰਦੇਸ਼ ਮਿਲਦਾ ਹੈ। ਅਸੀਂ ਆਪਣੇ ਦਮ 'ਤੇ ਮਜ਼ਬੂਤ ਆਧਾਰ 'ਤੇ ਅੱਗੇ ਵਧਣਾ ਚਾਹੁੰਦੇ ਹਾਂ। ਅਸੀਂ ਛੇ ਮਹੀਨਿਆਂ ਬਾਅਦ ਫੈਸਲਾ ਲਵਾਂਗੇ।÷ ਇਸ ਗੱਲ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਗੱਠਜੋੜ ਦਾ ਚੈਪਟਰ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ ਹੈ।

ਭਾਰਤ ਦੀ ਨਵੀਂ ਟਰੈਵਲ ਐਡਵਾਇਜ਼ਰੀ: ਫਿਲਹਾਲ ਟਾਲ ਦਿਓ ਇਰਾਨ ਜਾਣ ਦਾ ਪਲਾਨ !

ਚੰਡੀਗੜ੍ਹ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਾਬਕਾ ਮੰਤਰੀ ਪਰਗਟ ਸਿੰਘ ਨੇ ਕਿਹਾ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਉਨ੍ਹਾਂ ਕਿਹਾ ਕਿ ਇਹ ਸਿਆਸੀ ਪਾਰਟੀਆਂ ਸੰਸਥਾਵਾਂ ਨੂੰ ਤਬਾਹ ਕਰਨ ਦੇ ਰਾਹ ਪਈਆਂ ਹਨ। ਪਰਗਟ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਕੀਤੀ ਹੈ। ਉਨ੍ਹਾਂ ਸਾਰੇ ਵਿਵਾਦਾਂ ਦੀ ਜੜ੍ਹ ਅਰਵਿੰਦ ਕੇਜਰੀਵਾਲ ਨੂੰ ਦੱਸਿਆ।

ਭਾਰਤ ਨੇ ਬੁੱਧਵਾਰ ਨੂੰ ਆਪਣੇ ਨਾਗਰਿਕਾਂ ਨੂੰ ਅਗਲੇ ਹੁਕਮਾਂ ਤੱਕ ਇਰਾਨ ਦੀਆਂ ਗੈਰ-ਜ਼ਰੂਰੀ ਯਾਤਰਾਵਾਂ ਤੋਂ ਬਚਣ ਦੀ ਸਲਾਹ ਦਿੱਤੀ ਹੈ, ਹਾਲਾਂਕਿ ਉੱਥੇ ਸੁਰੱਖਿਆ ਸਥਿਤੀ ਵਿੱਚ ਹਾਲ ਹੀ ਵਿੱਚ ਕੁਝ ਸੁਧਾਰ ਦਰਜ ਕੀਤਾ ਗਿਆ ਹੈ। ਤਹਿਰਾਨ ਸਥਿਤ ਭਾਰਤੀ ਦੂਤਾਵਾਸ ਨੇ ਜਾਰੀ... ਭਾਰਤ ਨੇ ਬੁੱਧਵਾਰ ਨੂੰ ਆਪਣੇ ਨਾਗਰਿਕਾਂ ਨੂੰ ਅਗਲੇ ਹੁਕਮਾਂ ਤੱਕ ਇਰਾਨ ਦੀਆਂ ਗੈਰ-ਜ਼ਰੂਰੀ ਯਾਤਰਾਵਾਂ ਤੋਂ ਬਚਣ ਦੀ ਸਲਾਹ ਦਿੱਤੀ ਹੈ, ਹਾਲਾਂਕਿ ਉੱਥੇ ਸੁਰੱਖਿਆ ਸਥਿਤੀ ਵਿੱਚ ਹਾਲ ਹੀ ਵਿੱਚ ਕੁਝ ਸੁਧਾਰ ਦਰਜ ਕੀਤਾ ਗਿਆ ਹੈ।

ਤਹਿਰਾਨ ਸਥਿਤ ਭਾਰਤੀ ਦੂਤਾਵਾਸ ਨੇ ਜਾਰੀ ਕੀਤੀ ਨਵੀਂ ਐਡਵਾਇਜ਼ਰੀ ਵਿੱਚ ਕਿਹਾ ਕਿ ਉਹ ਇਰਾਨ ਦੀ ਮੌਜੂਦਾ ਸੁਰੱਖਿਆ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਹੇ ਹਨ। ਹਾਲਾਤਾਂ ਵਿੱਚ ਸੁਧਾਰ ਦੇ ਬਾਵਜੂਦ ਭਾਰਤੀ ਨਾਗਰਿਕਾਂ ਨੂੰ ਗੈਰ-ਜ਼ਰੂਰੀ ਯਾਤਰਾ ਤੋਂ ਪਰਹੇਜ਼ ਕਰਨ ਦੀ ਸਲਾਹ ਦਿੱਤੀ ਗਈ ਹੈ। ਦੂਤਾਵਾਸ ਨੇ ਇਰਾਨ ਵਿੱਚ ਰਹਿ ਰਹੇ ਭਾਰਤੀਆਂ ਅਤੇ ਜਿਨ੍ਹਾਂ ਨੂੰ ਕਿਸੇ ਜ਼ਰੂਰੀ ਕਾਰਨ ਕਰਕੇ ਉੱਥੇ ਜਾਣਾ ਪੈ ਸਕਦਾ ਹੈ, ਉਨ੍ਹਾਂ ਨੂੰ ਵਧੇਰੇ ਸਾਵਧਾਨ ਰਹਿਣ, ਹਰ ਸਮੇਂ ਚੌਕਸ ਰਹਿਣ ਅਤੇ ਸੁਰੱਖਿਆ ਸਬੰਧੀ ਜਾਣਕਾਰੀ 'ਤੇ ਨਜ਼ਰ ਰੱਖਣ ਲਈ ਕਿਹਾ ਹੈ। ਐਡਵਾਈਜ਼ਰੀ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਨਾਗਰਿਕ ਸਥਾਨਕ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਭਰੋਸੇਯੋਗ ਸਰੋਤਾਂ ਰਾਹੀਂ ਸਥਿਤੀ ਬਾਰੇ ਅਪਡੇਟ ਰਹਿਣ। ਨਾਲ ਹੀ, ਇਰਾਨ ਵਿੱਚ ਮੌਜੂਦ ਜਾਂ ਨਵੇਂ ਪਹੁੰਚਣ ਵਾਲੇ ਸਾਰੇ ਭਾਰਤੀਆਂ ਨੂੰ ਆਪਣੀ ਜਾਣਕਾਰੀ ਜਲਦ ਤੋਂ ਜਲਦ ਭਾਰਤੀ ਦੂਤਾਵਾਸ ਕੋਲ ਦਰਜ ਕਰਵਾਉਣ ਲਈ ਕਿਹਾ ਗਿਆ ਹੈ।

ਦੂਤਾਵਾਸ ਨੇ ਨਾਗਰਿਕਾਂ ਨੂੰ ਆਪਣੀ ਵੈੱਬਸਾਈਟ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਜਾਰੀ ਹੋਣ ਵਾਲੀਆਂ ਤਾਜ਼ਾ ਜਾਣਕਾਰੀਆਂ ਅਤੇ ਸਲਾਹਾਂ 'ਤੇ ਨਜ਼ਰ ਰੱਖਣ ਦੀ ਵੀ ਅਪੀਲ ਕੀਤੀ ਹੈ।

ਵਿਰੋਧੀਆਂ ਦੇ ਦੋਸ਼ ਬੇਬੁਨਿਆਦ, ਹਾਰ ਦੀ ਬੌਖਲਾਹਟ 'ਚ ਧਰਮ ਦਾ ਸਹਾਰਾ ਲੈ ਰਿਹੈ ਵਿਰੋਧੀ ਗੱਠਜੋੜ: ਮਾਨ

ਚੰਡੀਗੜ੍ਹ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਕ ਰਿਕਾਰਡ ਕੀਤੇ ਵੀਡੀਓ ਸੰਦੇਸ਼ ਰਾਹੀਂ ਵਿਰੋਧੀ ਧਿਰਾਂ 'ਤੇ ਤਿੱਖਾ ਪਲਟਵਾਰ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ਼ਿਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਦੇ ਲੋਕਾਂ ਦਾ ਸਿਆਸੀ ਸਮਰਥਨ ਹਾਸਲ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀਆਂ ਹਨ। ਇਹੀ ਕਾਰਨ ਹੈ ਕਿ ਹੁਣ ਇਹ ਸਾਰੀਆਂ ਪਾਰਟੀਆਂ ਇੱਕਜੁੱਟ ਹੋ ਕੇ ਧਰਮ ਨੂੰ ਹਥਿਆਰ ਵਜੋਂ ਵਰਤ ਰਹੀਆਂ ਹਨ ਅਤੇ ਉਨ੍ਹਾਂ 'ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਸਰਾਸਰ ਝੂਠੇ ਤੇ ਬੇਬੁਨਿਆਦ ਇਲਜ਼ਾਮ ਲਗਾ ਰਹੀਆਂ ਹਨ।

ਆਪਣਾ ਪੱਖ ਰੱਖਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ, ਮੈਂ ਲਗਾਤਾਰ ਜਨਤਾ ਦੀ ਭਲਾਈ ਦੇ ਕੰਮਾਂ ਵਿੱਚ ਜੁਟਿਆ ਹੋਇਆ ਹਾਂ ਅਤੇ ਅੱਗੇ ਵੀ ਇਹ ਕੰਮ ਜਾਰੀ ਰੱਖਾਂਗਾ। ਵਿਰੋਧੀ ਸਿਰਫ਼ ਮੇਰੇ ਅਕਸ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਵੀਡੀਓ ਵਿੱਚ ਜਿਸ ਵਿਅਕਤੀ ਨੂੰ ਦਿਖਾ ਕੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਉਹ ਮੈਂ ਨਹੀਂ ਹਾਂ। ਉਸ ਵਿਅਕਤੀ ਦੀ ਸਰੀਰਕ ਬਣਤਰ ਮੇਰੇ ਨਾਲ ਬਿਲਕੁਲ ਨਹੀਂ ਮਿਲਦੀ। ਨਾ ਤਾਂ ਉਸ ਦੇ ਖੜ੍ਹੇ ਹੋਣ ਦਾ ਤਰੀਕਾ ਮੇਰੇ ਵਰਗਾ ਹੈ ਅਤੇ ਨਾ ਹੀ ਉਹ ਮੇਰੀ ਤਰ੍ਹਾਂ ਚੱਲਦਾ ਹੈ। ਇਹ ਸਿਰਫ਼ ਮੈਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਆਮ ਜਨਤਾ ਨੇ ਇਸ ਵੀਡੀਓ ਦੀ ਹਕੀਕਤ ਨੂੰ ਚੰਗੀ ਤਰ੍ਹਾਂ ਦੇਖ ਲਿਆ ਹੈ। ਉਨ੍ਹਾਂ ਨੂੰ ਪੰਜਾਬ ਭਰ ਵਿੱਚੋਂ ਸੈਂਕੜੇ ਫੋਨ ਕਾਲਾਂ ਅਤੇ ਵੀਡੀਓ ਸੰਦੇਸ਼ ਆਏ ਹਨ, ਜਿਨ੍ਹਾਂ ਵਿੱਚ ਲੋਕਾਂ ਨੇ ਖੁਦ ਮੰਨਿਆ ਹੈ ਕਿ ਵੀਡੀਓ ਵਿੱਚ ਦਿਖਾਈ ਦੇ ਰਿਹਾ ਬੰਦਾ ਮੁੱਖ ਮੰਤਰੀ ਨਹੀਂ ਹੈ। ਭਗਵੰਤ ਮਾਨ ਨੇ ਦੱਸਿਆ ਕਿ ਜਦੋਂ ਵਿਰੋਧੀਆਂ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਦੀ ਫ਼ਰਜ਼ੀ ਵੀਡੀਓ ਵਾਲੀ ਚਾਲ ਫੇਲ੍ਹ ਹੋ ਗਈ ਹੈ, ਤਾਂ ਉਨ੍ਹਾਂ ਨੇ ਨਵੀਂ ਕਹਾਣੀ ਘੜ ਲਈ, ਜਦਕਿ ਸਰਕਾਰ ਨੇ ਸੁਤੰਤਰ ਲੈਬਾਰਟਰੀਆਂ ਤੋਂ ਇਸ ਦੀ ਜਾਂਚ ਕਰਵਾ ਕੇ ਸਾਬਤ ਕਰ ਦਿੱਤਾ ਸੀ ਕਿ ਵੀਡੀਓ ਨਕਲੀ ਹੈ।

ਭਾਜਪਾ 'ਤੇ ਸਰਕਾਰੀ ਤੰਤਰ ਦੀ ਦੁਰਵਰਤੋਂ ਦਾ ਵੱਡਾ ਦੋਸ਼ ਲਾਉਂਦਿਆਂ ਮੁੱਖ ਮੰਤਰੀ ਨੇ ਕਿਹਾ, ਭਾਜਪਾ ਨੇ ਉਨ੍ਹਾਂ ਲੈਬ ਮਾਲਕਾਂ ਨੂੰ ਡਰਾਇਆ-ਧਮਕਾਇਆ, ਜਿਨ੍ਹਾਂ ਤੋਂ ਅਸੀਂ ਜਾਂਚ ਕਰਵਾਈ ਸੀ ਅਤੇ ਉਨ੍ਹਾਂ 'ਤੇ ਇਹ ਕਹਿਣ ਲਈ ਦਬਾਅ ਪਾਇਆ ਕਿ ਅਸੀਂ ਗ਼ਲਤ ਰਿਪੋਰਟ ਤਿਆਰ ਕਰਵਾਈ ਹੈ।

ਉਨ੍ਹਾਂ ਸਵਾਲ ਕੀਤਾ ਕਿ ਭਾਜਪਾ ਕਿਸ ਅਧਾਰ 'ਤੇ ਆਪਣੀਆਂ ਚੁਣੀਆਂ ਹੋਈਆਂ ਲੈਬਾਂ ਦੀਆਂ ਰਿਪੋਰਟਾਂ ਨੂੰ ਸਹੀ ਦੱਸ ਰਹੀ ਹੈ? ਮਾਨ ਨੇ ਕਿਹਾ ਕਿ ਜਨਤਾ ਸਭ ਕੁਝ ਜਾਣਦੀ ਹੈ ਅਤੇ ਫੈਸਲਾ ਲੋਕਾਂ ਦੀ ਕਚਹਿਰੀ ਵਿੱਚ ਹੀ ਹੋਵੇਗਾ। ਲੋਕਾਂ ਨੇ ਇਨ੍ਹਾਂ ਪਾਰਟੀਆਂ ਨੂੰ ਸਿਆਸੀ ਅਤੇ ਸਮਾਜਿਕ ਤੌਰ 'ਤੇ ਨਕਾਰ ਦਿੱਤਾ ਹੈ, ਜਿਸ ਕਰਕੇ ਇਹ ਸਾਨੂੰ ਨੀਵਾਂ ਦਿਖਾਉਣ ਲਈ ਅਜਿਹੇ ਧੋਖੇਬਾਜ਼ ਹੱਥਕੰਡੇ ਅਪਣਾ ਰਹੀਆਂ ਹਨ।

ਵਾਇਰਲ ਵੀਡੀਓ ਮਾਮਲਾ: 'ਆਪਣਾ ਹੀ ਕਾਨੂੰਨ ਮੁੱਖ ਮੰਤਰੀ 'ਤੇ ਵੀ ਲਾਗੂ ਕਰੇ ਪੰਜਾਬ ਸਰਕਾਰ': ਮਨਜਿੰਦਰ ਸਿੰਘ ਸਿਰਸਾ

ਨਵੀਂ ਦਿੱਲੀ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਦੇ ਮੰਤਰੀ ਅਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਬੁੱਧਵਾਰ ਨੂੰ ਮੰਗ ਕੀਤੀ ਕਿ ਪੰਜਾਬ ਸਰਕਾਰ ਉਹੀ ਬੇਅਦਬੀ ਵਿਰੋਧੀ ਕਾਨੂੰਨ ਲਾਗੂ ਕਰੇ ਜਿਸ ਦੀ ਉਨ੍ਹਾਂ ਨੇ ਸੂਬੇ ਵਿੱਚ ਵਕਾਲਤ ਕੀਤੀ ਸੀ ਅਤੇ ਸਵਾਲ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਚੱਲ ਰਹੇ ਵਿਵਾਦ ਦੇ ਬਾਵਜੂਦ ਕਾਰਵਾਈ ਦਾ ਸਾਹਮਣਾ ਕਿਉਂ ਨਹੀਂ ਕਰ ਰਹੇ ਹਨ।

ਮੀਡੀਆ ਨੂੰ ਸੰਬੋਧਨ ਕਰਦਿਆਂ ਸਿਰਸਾ ਨੇ ਕਿਹਾ ਕਿ ਇਹ ਮੁੱਦਾ ਹੁਣ ਪੰਜਾਬ ਪੁਲੀਸ ਲਈ ਇੱਕ ÷ਲਿਟਮਸ ਟੈਸਟ÷ (ਅਗਨੀ ਪ੍ਰੀਖਿਆ) ਹੈ, ਅਤੇ ਦੋਸ਼ ਲਾਇਆ ਕਿ ਸੱਤਾਧਾਰੀ 'ਆਪ' ਸਰਕਾਰ ਸਿੱਖ ਧਾਰਮਿਕ ਭਾਵਨਾਵਾਂ ਨਾਲ ਜੁੜੇ ਮਾਮਲਿਆਂ 'ਤੇ ਖੁਦ ਦੁਆਰਾ ਨਿਰਧਾਰਤ ਕੀਤੇ ਗਏ ਮਿਆਰਾਂ ਦੀ ਪਾਲਣਾ ਨਹੀਂ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਬੇਅਦਬੀ ਦੀਆਂ ਕਥਿਤ ਘਟਨਾਵਾਂ ਨਾਲ ਨਜਿੱਠਣ ਲਈ 'ਆਪ' ਵੱਲੋਂ ਲਿਆਂਦੇ ਗਏ ਉਸੇ ਕਾਨੂੰਨ

ਸਿਰਸਾ ਨੇ ਸਵਾਲ ਕੀਤਾ, ਕਾਨੂੰਨ ਹਰ ਕਿਸੇ ਲਈ ਬਰਾਬਰ ਹੈ। ਪੰਜਾਬ ਵਿੱਚ ਬੇਅਦਬੀ ਵਿਰੁੱਧ ਜੋ ਕਾਨੂੰਨ ਲਿਆਂਦਾ ਗਿਆ ਸੀ, ਉਹੀ ਭਗਵੰਤ ਮਾਨ 'ਤੇ ਵੀ ਲਾਗੂ ਹੋਣਾ ਚਾਹੀਦਾ ਹੈ,÷ ਅਤੇ ਪੁੱਛਿਆ ਕਿ ਮੁੱਖ ਮੰਤਰੀ ਵਿਰੁੱਧ ਕੋਈ ਕੇਸ ਦਰਜ ਕਿਉਂ ਨਹੀਂ ਕੀਤਾ ਗਿਆ ਹੈ। ਭਾਜਪਾ ਆਗੂ ਨੇ ਅੱਗੇ ਦੋਸ਼ ਲਾਇਆ ਕਿ 'ਆਪ' ਆਗੂਆਂ ਨੇ ਵਾਰ-ਵਾਰ ਅਕਾਲ ਤਖ਼ਤ ਸਮੇਤ ਸਿੱਖ ਸੰਸਥਾਵਾਂ ਨੂੰ ਚੁਣੌਤੀ ਦਿੱਤੀ ਹੈ ਅਤੇ ਕਿਹਾ ਕਿ ਜਿਹੜੇ ਲੋਕ ਪਹਿਲਾਂ ਸਿੱਖ ਧਾਰਮਿਕ ਭਾਵਨਾਵਾਂ ਨਾਲ ਜੁੜੇ ਮੁੱਦਿਆਂ 'ਤੇ ਜ਼ੋਰਦਾਰ ਬੋਲਦੇ ਸਨ, ਉਹ ਹੁਣ ਚੁੱਪ ਹਨ।

ਉਨ੍ਹਾਂ ਨੇ ਇਸ ਮਾਮਲੇ ਵਿੱਚ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਗੁਰੂਗ੍ਰਾਮ ਪੁਲੀਸ ਦੀ ਸ਼ਲਾਘਾ ਵੀ ਕੀਤੀ ਅਤੇ ਅਧਿਕਾਰੀਆਂ ਨੂੰ ਨਿਰਪੱਖਤਾ ਨਾਲ ਕੰਮ ਕਰਨ ਦੀ ਅਪੀਲ ਕੀਤੀ। 'ਆਪ' ਅਤੇ ਪੰਜਾਬ ਸਰਕਾਰ ਨੇ ਅਜੇ ਤੱਕ ਸਿਰਸਾ ਦੇ ਦੋਸ਼ਾਂ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ।

ਨਾਇਬ ਸਿੰਘ ਸੈਣੀ ਨੇ ਪੰਜਾਬ ਦੀ ਜਨਤਾ ਨੂੰ ਕੀਤੀ ਅਪੀਲ - ਆਪਣੇ ਬੱਚਿਆਂ ਦੇ ਭਵਿੱਖ, ਪੰਜਾਬ ਦੀ ਖੁਸ਼ਹਾਲੀ ਅਤੇ ਵਿਕਸਿਤ ਭਾਰਤ ਦੇ ਨਿਰਮਾਣ ਲਈ ਲਓ ਸਹੀ ਫੈਸਲਾ

ਚੰਡੀਗੜ੍ਹ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਪੰਜਾਬ ਦੀ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਆਪਣੀ ਗੁਆਚੀ ਹੋਈ ਸ਼ਾਨ ਵਾਪਸ ਹਾਸਲ ਕਰੇ ਅਤੇ ਵਿਕਾਸ, ਸੁਸ਼ਾਸਨ ਅਤੇ ਰਾਸ਼ਟਰਹਿੱਤ ਦੀ ਰਾਜਨੀਤੀ ਨੂੰ ਅਪਣਾ ਕੇ ਦੇਸ਼ ਦਾ ਨੰਬਰ ਇੱਕ ਸੂਬਾ ਬਣਨ ਦੀ ਦਿਸ਼ਾ ਵਿੱਚ ਅੱਗੇ ਵਧੇ।

ਮੁੱਖ ਮੰਤਰੀ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਮੇਤ ਸਾਰੇ ਗੁਰੂ ਸਾਹਿਬਾਨਾਂ, ਸਾਹਿਬਜ਼ਾਦਿਆਂ ਅਤੇ ਮਹਾਂਪੁਰਖਾਂ ਨੂੰ ਨਮਨ ਕਰਦਿਆਂ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਦੀ ਇਹ ਪਵਿੱਤਰ ਧਰਤੀ ਚਾਲੀ ਮੁਕਤਿਆਂ, ਭਾਈ ਮਹਾਂ ਸਿੰਘ ਜੀ ਅਤੇ ਮਾਈ ਭਾਗੋ ਜੀ ਦੀ ਅਦੁੱਤੀ ਕੁਰਬਾਨੀ ਦੀ ਗਵਾਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਦਾ ਰਿਸ਼ਤਾ ਸਾਂਝੇ ਸੱਭਿਆਚਾਰ, ਸਾਂਝੀ ਭਾਸ਼ਾ ਅਤੇ ਸਾਂਝੀਆਂ ਭਾਵਨਾਵਾਂ ਦਾ ਰਿਸ਼ਤਾ ਹੈ। ਉਹ ਪੰਜਾਬ ਦੀ ਜਨਤਾ ਵਿਚਕਾਰ ਕਿਸੇ ਗੁਆਂਢੀ ਸੂਬੇ ਦੇ ਮੁੱਖ ਮੰਤਰੀ ਵਜੋਂ ਨਹੀਂ, ਸਗੋਂ ਛੋਟੇ ਭਰਾ ਅਤੇ ਸ਼ੁੱਭਚਿੰਤਕ ਵਜੋਂ ਆਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਨੇ ਪਹਿਲਾਂ ਕਾਂਗਰਸ ਅਤੇ ਬਾਅਦ ਵਿੱਚ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ, ਪਰ ਜ

ਕਾਂਗਰਸ ਨੇ ਕਾਨੂੰਨ ਵਿਵਸਥਾ ਅਤੇ ਭ੍ਰਿਸ਼ਟਾਚਾਰ 'ਤੇ ਸਰਕਾਰ ਘੇਰੀ

ਸ਼ਾਹਬਾਦ ਮਾਰਕੰਡਾ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਮੇਵਾ ਸਿੰਘ, ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ ਅਤੇ ਸ਼ਾਹਬਾਦ ਦੇ ਵਿਧਾਇਕ ਰਾਮ ਕਰਣ ਕਾਲਾ ਨੇ ਅੱਜ ਜ਼ਿਲ੍ਹਾ ਦਫ਼ਤਰ ਵਿੱਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਜਪਾ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ। ਕਾਂਗਰਸੀ ਆਗੂਆਂ ਨੇ ਸੂਬੇ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ, ਸਿੱਖਿਆ ਪ੍ਰਣਾਲੀ ਦੀਆਂ ਖ਼ਾਮੀਆਂ ਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ 'ਤੇ ਸਰਕਾਰ ਨੂੰ ਲੰਮੇ ਹੱਥੀਂ ਲਿਆ।

ਜ਼ਿਲ੍ਹਾ ਪ੍ਰਧਾਨ ਮੇਵਾ ਸਿੰਘ ਨੇ ਕਿਹਾ ਕਿ ਨੀਟ ਪ੍ਰੀਖਿਆ ਨਾਲ ਜੁੜੇ ਵਿਵਾਦਾਂ ਨੇ ਦੇਸ਼ ਭਰ ਦੇ ਲੱਖਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਡੂੰਘੇ ਮਾਨਸਿਕ ਤਣਾਅ ਵਿੱਚ ਪਾ ਦਿੱਤਾ ਹੈ। ਸਰਕਾਰ ਦੀਆਂ ਨੀਤੀਆਂ ਅਤੇ ਸਮੇਂ ਸਿਰ ਕਾਰਵਾਈ ਨਾ ਹੋਣ ਕਾਰਨ ਹਾਲਾਤ ਬਦਤਰ ਹੋਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਪ੍ਰੀਖਿਆ ਵਿੱਚ ਹੋਈਆਂ ਬੇਨਿਯਮੀਆਂ ਕਾਰਨ ਕੁਝ ਥਾਵਾਂ 'ਤੇ ਵਿਦਿਆਰਥੀਆਂ ਵੱਲੋਂ ਖੁਦਕੁਸ਼ੀਆਂ ਵਰਗੇ ਦੁੱਖਦਾਈ ਕਦਮ ਚੁੱਕਣ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ। ਕਾਂਗਰਸ ਨੇ ਇਸ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕਰਦਿਆਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਕੋਲੋਂ ਨੈਤਿਕ ਜ਼ਿੰਮੇਵਾਰੀ ਦੇ ਆਧਾਰ 'ਤੇ ਅਸਤੀਫ਼ੇ ਦੀ ਮੰਗ ਕੀਤੀ ਹੈ।

ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਮੇਵਾ ਸਿੰਘ ਨੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦੀ ਇੱਕ ਕਥਿਤ ਆਡੀਓ ਰਿਕਾਰਡਿੰਗ ਦਾ ਹਵਾਲਾ ਦਿੱਤਾ, ਜਿਸ ਵਿੱਚ ਨੌਕਰੀਆਂ ਲਈ ਪੈਸਿਆਂ ਦੇ ਲੈਣ-ਦੇਣ ਦਾ ਦਾਅਵਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਿਨਾਂ ਪਰਚੀ ਅਤੇ ਬਿਨਾਂ ਖਰਚੀ ਦਾ ਦਾਅਵਾ ਕਰਨ ਵਾਲੀ ਸਰਕਾਰ ਦੇ ਰਾਜ ਵਿੱਚ ਜੇ ਅਜਿਹੇ ਮਾਮਲੇ ਸਾਹਮਣੇ ਆ ਰਹੇ ਹਨ, ਤਾਂ ਇਹ ਬੇਹੱਦ ਗੰਭੀਰ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਈ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਲਾਡਵਾ ਪੁਲੀਸ ਸਟੇਸ਼ਨ ਵਿੱਚ ਵਾਪਰੀ ਹਾਲੀਆ ਘਟਨਾ ਨੂੰ ਵੀ ਸ਼ਰਮਨਾਕ ਕਰਾਰ ਦਿੱਤਾ।

ਵਿਧਾਇਕ ਅਸ਼ੋਕ ਅਰੋੜਾ ਨੇ ਸੂਬੇ ਦੀ ਕਾਨੂੰਨ ਵਿਵਸਥਾ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਹਰਿਆਣਾ ਵਿੱਚ ਜਬਰਨ ਵਸੂਲੀ ਅਤੇ ਡਕੈਤੀ ਵਰਗੇ ਅਪਰਾਧ ਲਗਾਤਾਰ ਵਧ ਰਹੇ ਹਨ ਅਤੇ ਅਪਰਾਧੀਆਂ ਨੂੰ ਕਾਨੂੰਨ ਦਾ ਕੋਈ ਡਰ ਨਹੀਂ ਰਿਹਾ। ਉਨ੍ਹਾਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ 'ਤੇ ਤਨਜ਼ ਕਸਦਿਆਂ ਕਿਹਾ ਕਿ ਉਹ ਦੂਜੇ ਸੂਬਿਆਂ ਵਿੱਚ ਜਾ ਕੇ ਹਰਿਆਣਾ ਮਾਡਲ ਦਾ ਪ੍ਰਚਾਰ ਕਰ ਰਹੇ ਹਨ, ਜਦੋਂ ਕਿ ਖੁਦ ਉਨ੍ਹਾਂ ਦੇ ਆਪਣੇ ਸੂਬੇ ਦੇ ਨਾਗਰਿਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸੂਬਾ ਗੈਂਗਸਟਰਾਂ ਦੀ ਖੇਡ ਦਾ ਮੈਦਾਨ ਬਣ ਚੁੱਕਾ ਹੈ।

200 ਸਾਲ ਪੁਰਾਣੇ ਮੰਦਰ ਦਾ 108 ਫੁੱਟ ਉੱਚਾ ਗੁੰਬਦ ਡਿੱਗਿਆ

ਸ਼ਾਹਬਾਦ ਮਾਰਕੰਡਾ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਇਥੋਂ ਨੇੜਲੇ ਪਿੰਡ ਬਾਬੈਨ ਵਿਚ ਅੱਜ ਤੜਕੇ ਚਾਰ ਵਜੇ 200 ਸਾਲ ਪੁਰਾਣੇ ਸ਼ਿਵਾਲਾ ਮੰਦਰ ਦਾ ਗੁੰਬਦ ਡਿੱਗ ਗਿਆ। ਗੁੰਬਦ ਦਾ ਲਗਪਗ 20 ਸਾਲ ਪਹਿਲਾਂ ਨਵੀਨੀਕਰਣ ਕੀਤਾ ਗਿਆ ਸੀ। ਗੁੰਬਦ ਦੀ ਉੱਚਾਈ 108 ਫੁੱਟ ਸੀ। ਗੁੰਬਦ ਦੇ ਅੱਜ ਅਚਾਨਕ ਢਹਿਣ ਕਾਰਨ ਮੰਦਰ ਦੇ ਨੇੜੇ ਸੌ ਰਹੇ ਸੇਵਾਦਾਰ ਬਾਬਾ ਨਟਰਾਜਨ ਗਿਰੀ ਦੀ ਮਲਬੇ ਹੇਠ ਦਬਣ ਕਾਰਨ ਮੌਤ ਹੋ ਗਈ।

ਉਹ ਉੱਤਰ ਪ੍ਰਦੇਸ਼ ਦੇ ਹਸਤਿਨਾਪੁਰ ਦਾ ਰਹਿਣ ਵਾਲਾ ਸੀ ਤੇ ਲਗਪਗ ਪੰਜ ਸਾਲਾਂ ਤੋਂ ਮੰਦਰ ਵਿਚ ਰਹਿ ਰਿਹਾ ਸੀ। ਮਲਬਾ ਮੰਦਰ ਦੇ ਗਰਭ ਗ੍ਰਹਿ ਵਿਚ ਡਿੱਗ ਪਿਆ, ਜਿਸ ਕਾਰਨ ਮੂਰਤੀਆਂ ਨੂੰ ਵੀ ਨੁਕਸਾਨ ਪੁੱਜਾ। ਜਿਵੇਂ ਹੀ ਘਟਨਾ ਦਾ ਪਤਾ ਲੱਗਿਆ ਤਾਂ ਵੱਡੀ ਗਿਣਤੀ ਲੋਕ ਇੱਕਠੇ ਹੋ ਗਏ। ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮੁੱਖ ਮੰਤਰੀ ਦਫਤਰ ਦੇ ਪ੍ਰਤੀਨਿਧ ਕੈਲਾਸ਼ ਸੈਣੀ ਮੌਕੇ 'ਤੇ ਪੁੱਜੇ।

ਉਨ੍ਹਾਂ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਤੇ ਲੋਕਾਂ ਨੂੰ ਅਪੀਲ ਕੀਤੀ ਮੰਦਰ ਦੀ ਇਮਾਰਤ ਨੇੜੇ ਜਾਣ ਤੋਂ ਬਚਣ। ਗੁੰਬਦ ਡਿੱਗਣ ਦੀ ਆਵਾਜ਼ ਸੁਣ ਕੇ ਮੰਦਰ ਦੇ ਹੋਰ ਪੁਜਾਰੀ ਤੇ ਸੇਵਾਦਾਰ ਮੌਕੇ 'ਤੇ ਪੁੱਜੇ ਤੇ ਪਿੰਡ ਵਾਸੀਆਂ ਦੀ ਮਦਦ ਨਾਲ ਮਲਬੇ ਨੂੰ ਹਟਾਉਣਾ ਸ਼ੁਰੂ ਕੀਤਾ। ਕਾਫੀ ਕੋਸ਼ਿਸ਼ਾਂ ਤੋਂ ਬਾਅਦ ਨਟਰਾਜਨ ਗਿਰੀ ਨੂੰ ਮਲਬੇ 'ਚੋਂ ਬਾਹਰ ਕੱਢਿਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ।

ਕਰੋੜਾਂ ਦੇ ਬੈਂਕ ਘੁਟਾਲੇ ਵਿੱਚ 329 ਦੀ ਵੱਡੀ ਕਾਰਵਾਈ

ਚੰਡੀਗੜ੍ਹ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਬਿਊਰੋ ਆਫ਼ ਇਨਵੈਸਟੀਗੇਸ਼ਨ (329) ਨੇ ਕਰੋੜਾਂ ਰੁਪਏ ਦੇ ਬੈਂਕ ਘੁਟਾਲੇ ਮਾਮਲੇ ਵਿੱਚ ਦੇਰ ਰਾਤ ਵੱਡੀ ਕਾਰਵਾਈ ਕਰਦੇ ਹੋਏ ਇੱਕ ਹੋਰ ਆਈ.ਏ.ਐੱਸ. ਅਧਿਕਾਰੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸੀ.ਬੀ.ਆਈ. ਸੂਤਰਾਂ ਮੁਤਾਬਕ 2000 ਬੈਚ ਦੇ ਆਈ.ਏ.ਐੱਸ. ਅਧਿਕਾਰੀ ਪੰਕਜ ਅਗਰਵਾਲ ਨੂੰ ਬੀਤੀ ਰਾਤ ਦੀ ਕਾਰਵਾਈ ਦੌਰਾਨ ਹਿਰਾਸਤ ਵਿੱਚ ਲਿਆ ਗਿਆ ਹੈ। ਆਈ.ਏ.ਐੱਸ. ਰਾਮ ਕੁਮਾਰ ਸਿੰਘ ਤੋਂ ਬਾਅਦ ਇਸ ਹਾਈ-ਪ੍ਰੋਫਾਈਲ ਘੁਟਾਲੇ ਵਿੱਚ ਗ੍ਰਿਫ਼ਤਾਰ ਹੋਣ ਵਾਲੇ ਉਹ ਦੂਜੇ ਆਈ.ਏ.ਐੱਸ. ਅਧਿਕਾਰੀ ਹਨ।

ਇਸ ਕਰੋੜਾਂ ਰੁਪਏ ਦੇ ਘੁਟਾਲੇ ਵਿੱਚ ਆਈ.ਡੀ.ਐੱਫ.ਸੀ. ਫਸਟ ਬੈਂਕ ਅਤੇ ਏ.ਯੂ. ਸਮਾਲ ਫਾਇਨਾਂਸ ਬੈਂਕ ਦੇ ਅਧਿਕਾਰੀਆਂ ਦੀ ਮਿਲੀਭੁਗਤ ਸਾਹਮਣੇ ਆਈ ਹੈ। ਇਨ੍ਹਾਂ ਬੈਂਕ ਅਧਿਕਾਰੀਆਂ ਨੇ ਆਈ.ਏ.ਐੱਸ. ਅਫ਼ਸਰਾਂ ਸਮੇਤ ਕਈ ਸਰਕਾਰੀ ਅਧਿਕਾਰੀਆਂ ਨਾਲ ਮਿਲ ਕੇ ਹਰਿਆਣਾ ਸਰਕਾਰ ਦੇ ਅੱਠ ਵਿਭਾਗਾਂ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਦੋ ਵਿਭਾਗਾਂ ਦੇ ਬੈਂਕ ਖਾਤਿਆਂ ਵਿੱਚੋਂ ਕਰੋੜਾਂ ਰੁਪਏ ਖੁਰਦ-ਬੁਰਦ ਕੀਤੇ ਸਨ। ਜਿੱਥੇ ਇੱਕ ਪਾਸੇ ਸੀ.ਬੀ.ਆਈ. ਇਸ ਘੁਟਾਲੇ ਨੂੰ 657 ਕਰੋੜ ਰੁਪਏ ਦਾ ਦੱਸ ਰਹੀ ਹੈ, ਉੱਥੇ ਹੀ ਮਾਮਲੇ ਦੀ ਜਾਂਚ ਕਰ ਰਹੀ ਇਨਫੋਰਸਮੈਂਟ ਡਾਇਰੈਕਟੋਰੇਟ (54) ਦਾ ਦਾਅਵਾ ਹੈ ਕਿ ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ 645 ਕਰੋੜ ਰੁਪਏ ਦਾ ਨੁਕਸਾਨ ਪਹੁੰਚਿਆ ਹੈ।

ਪੰਕਜ ਅਗਰਵਾਲ ਦੀ ਭੂਮਿਕਾ ਉਨ੍ਹਾਂ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਸ਼ਾਸਨਿਕ ਸਕੱਤਰ ਵਜੋਂ ਕਾਰਜਕਾਲ ਦੌਰਾਨ ਸਾਹਮਣੇ ਆਈ ਹੈ। ਜਾਂਚ ਮੁਤਾਬਕ ਚੰਡੀਗੜ੍ਹ ਦੇ ਸੈਕਟਰ 32 ਸਥਿਤ ਆਈ.ਡੀ.ਐੱਫ.ਸੀ. ਫਸਟ ਬੈਂਕ ਵਿੱਚ ਖੋਲ੍ਹੇ ਗਏ 'ਹਰਿਆਣਾ ਸਟੇਟ ਐਗਰੀਕਲਚਰ ਮਾਰਕੀਟਿੰਗ ਬੋਰਡ' ਦੇ ਖਾਤੇ ਵਿੱਚੋਂ ਕੁੱਲ 10 ਕਰੋੜ ਰੁਪਏ ਦੀ ਰਾਸ਼ੀ ਗਾਇਬ ਕੀਤੀ ਗਈ ਸੀ। ਇਹ ਖਾਤਾ 'ਐਗਰੀਕਲਚਰ ਮਾਰਕੀਟਿੰਗ ਡਿਵੈਲਪਮੈਂਟ ਫੰਡ' ਦੇ ਨਾਂ 'ਤੇ ਚੱਲ ਰਿਹਾ ਸੀ।

ਸੀ.ਬੀ.ਆਈ. ਦੀ ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਇਸ ਫੰਡ ਵਿੱਚੋਂ 9.75 ਕਰੋੜ ਰੁਪਏ 'ਐੱਸ.ਆਰ.ਆਰ. ਪਲੈਨਿੰਗ ਗੁਰੂਜ਼ ਲਿਮਟਿਡ' (SRR Planning Gurus Limited) ਨੂੰ ਅਤੇ 25 ਲੱਖ ਰੁਪਏ 'ਮੰਨਤ ਕੰਟਰੈਕਟਰਜ਼' (Mannat Contractors) ਨੂੰ ਟ੍ਰਾਂਸਫਰ ਕੀਤੇ ਗਏ ਸਨ। ਇਹ ਦੋਵੇਂ ਫਰਜ਼ੀ (ਸ਼ੈੱਲ) ਕੰਪਨੀਆਂ ਸਨ, ਜੋ ਸਿਰਫ਼ ਸਰਕਾਰੀ ਪੈਸਾ ਹੜੱਪਣ ਦੇ ਮਕਸਦ ਨਾਲ ਹੀ ਬਣਾਈਆਂ ਗਈਆਂ ਸਨ।

ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਪੰਕਜ ਅਗਰਵਾਲ ਦਾ ਨਾਂ 'ਹਰਿਆਣਾ ਸਕੂਲ ਸਿੱਖਿਆ ਪਰਿਯੋਜਨਾ ਪਰਿਸ਼ਦ' (Haryana School Shiksha Pariyojana Parishad) ਵਿੱਚੋਂ ਫੰਡ ਖੁਰਦ-ਬੁਰਦ ਕਰਨ ਦੇ ਮਾਮਲੇ ਨਾਲ ਵੀ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਅਗਰਵਾਲ ਕੋਲ ਸਕੂਲ ਸਿੱਖਿਆ ਵਿਭਾਗ ਦੇ ਪ੍ਰਸ਼ਾਸਨਿਕ ਸਕੱਤਰ ਦਾ ਚਾਰਜ ਵੀ ਰਿਹਾ ਸੀ, ਅਤੇ ਉਨ੍ਹਾਂ ਦੇ ਇਸ ਕਾਰਜਕਾਲ ਦੌਰਾਨ ਵਿਭਾਗ ਦੇ ਖਾਤਿਆਂ ਵਿੱਚੋਂ 50 ਕਰੋੜ ਰੁਪਏ ਤੋਂ ਵੱਧ ਦੀ ਮੋਟੀ ਰਕਮ ਗਾਇਬ ਕੀਤੀ ਗਈ ਸੀ।

ਸਭ ਤੋਂ ਹੈਰਾਨੀਜਨਕ ਖੁਲਾਸਾ ਇਹ ਹੋਇਆ ਹੈ ਕਿ ਹਰਿਆਣਾ ਸਕੂਲ ਸਿੱਖਿਆ ਪਰਿਯੋਜਨਾ ਪਰਿਸ਼ਦ ਅਤੇ 'ਹਰਿਆਣਾ ਐਗਰੀਕਲਚਰ ਮਾਰਕੀਟਿੰਗ ਬੋਰਡ' ਦੇ ਇਹ ਦੋਵੇਂ ਬੈਂਕ ਖਾਤੇ ਪੰਕਜ ਅਗਰਵਾਲ ਦੇ ਕਾਰਜਕਾਲ ਦੌਰਾਨ ਹੀ ਖੋਲ੍ਹੇ ਗਏ ਸਨ। ਸੀ.ਬੀ.ਆਈ. ਸੂਤਰਾਂ ਮੁਤਾਬਕ ਇਹ ਖਾਤੇ ਖੋਲ੍ਹਣ ਸਮੇਂ ਵਿੱਤ ਵਿਭਾਗ (Finance Department) ਦੇ ਸਾਰੇ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਨੂੰ ਪੂਰੀ ਤਰ੍ਹਾਂ ਛਿੱਕੇ ਟੰਗਿਆ ਗਿਆ ਸੀ।

ਇਸ ਮਹਾਂ-ਘੁਟਾਲੇ ਨੇ ਹਰਿਆਣਾ ਦੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਹੜਕੰਪ ਮਚਾ ਦਿੱਤਾ ਹੈ, ਕਿਉਂਕਿ ਕੁੱਲ ਅੱਠ ਆਈ.ਏ.ਐੱਸ. ਅਧਿਕਾਰੀ ਸੀ.ਬੀ.ਆਈ. ਦੇ ਸ਼ੱਕ ਦੇ ਘੇਰੇ ਵਿੱਚ ਹਨ। ਦੋ ਅਧਿਕਾਰੀਆਂ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ, ਜਦਕਿ ਬਾਕੀ ਛੇ ਅਧਿਕਾਰੀਆਂ 'ਤੇ ਵੀ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਰਹੀ ਹੈ। ਜਾਂਚ ਦੇ ਘੇਰੇ ਵਿੱਚ ਆਏ ਹੋਰਨਾਂ ਅਧਿਕਾਰੀਆਂ ਵਿੱਚ ਮੁਹੰਮਦ ਸ਼ਾਇਨ, ਮਣੀ ਰਾਮ ਸ਼ਰਮਾ, ਪ੍ਰਦੀਪ ਕੁਮਾਰ, ਵਿਨੀਤ ਗਰਗ, ਸਾਕੇਤ ਕੁਮਾਰ ਅਤੇ ਡੀ.ਕੇ. ਬੇਹਰਾ ਦੇ ਨਾਮ ਸ਼ਾਮਲ ਹਨ। ਸੀ.ਬੀ.ਆਈ. ਵੱਲੋਂ ਇਸ ਮਾਮਲੇ ਵਿੱਚ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਵੱਡੇ ਖੁਲਾਸੇ ਕੀਤੇ ਜਾਣ ਦੀ ਉਮੀਦ ਹੈ।

ਵਿਕਸਿਤ ਭਾਰਤ ਲਈ ਯੂਥ ਦੀ ਹਿੱਸੇਦਾਰੀ ਅਹਿਮ: ਬਰਾਲਾ

ਰਤੀਆ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਪਿੰਡ ਦਮਕੋਰਾ ਦੇ ਸਟੇਡੀਅਮ ਵਿੱਚ ਅੱਜ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਰਾਜ ਸਭਾ ਮੈਂਬਰ ਸੁਭਾਸ਼ ਬਰਾਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਪੌਦਾ ਲਾ ਕੇ ਵਾਤਾਵਰਨ ਸੰਭਾਲ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ ਦਾ ਸੁਪਨਾ ਪੂਰਾ ਕਰਨ ਲਈ ਨੌਜਵਾਨਾਂ ਦੀ ਹਿੱਸੇਦਾਰੀ ਸਭ ਤੋਂ ਅਹਿਮ ਹੈ। ਰਾਸ਼ਟਰ ਨਿਰਮਾਣ, ਵਾਤਾਵਰਨ ਸੁਰੱਖਿਆ ਅਤੇ ਸਮਾਜਿਕ ਜਾਗਰੂਕਤਾ ਵਰਗੀਆਂ ਮੁਹਿੰਮਾਂ ਵਿੱਚ ਨੌਜਵਾਨਾਂ ਦੀ ਸਰਗਰਮ ਸ਼ਮੂਲੀਅਤ ਦੇਸ਼ ਨੂੰ ਨਵੀਆਂ ਉੱਚਾਈਆਂ ਤੱਕ ਲੈ ਕੇ ਜਾ ਸਕਦੀ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਸੁਭਾਸ਼ ਬਰਾਲਾ ਨੇ ਕਿਹਾ ਕਿ ਪਿਛਲੇ 12 ਸਾਲਾਂ ਦੌਰਾਨ ਕੇਂਦਰ ਸਰਕਾਰ ਨੇ ਸੇਵਾ, ਸੁਸ਼ਾਸਨ, ਗਰੀਬ ਕਲਿਆਣ ਅਤੇ ਰਾਸ਼ਟਰ ਨਿਰਮਾਣ ਨੂੰ ਆਪਣੀ ਕਾਰਜਸ਼ੈਲੀ ਦਾ ਕੇਂਦਰ ਬਣਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਨੇ ਵਿਕਾਸ, ਬੁਨਿਆਦੀ ਢਾਂਚੇ, ਡਿਜ਼ੀਟਲ ਕ੍ਰਾਂਤੀ, ਸਮਾਜਿਕ ਸੁਰੱਖਿਆ, ਆਤਮਨਿਰਭਰਤਾ ਅਤੇ ਆਰਥਿਕ ਮਜ਼ਬੂਤੀ ਦੇ ਖੇਤਰਾਂ ਵਿੱਚ ਮਹੱਤਵਪੂਰਨ ਉਪਲਬਧੀਆਂ ਹਾਸਲ ਕੀਤੀਆਂ ਹਨ। ਅੱਜ ਭਾਰਤ ਵਿਸ਼ਵ ਪੱਧਰ 'ਤੇ ਇੱਕ ਮਜ਼ਬੂਤ ਦੇਸ਼ ਵਜੋਂ ਆਪਣੀ ਪਹਿਚਾਣ ਬਣਾ ਚੁੱਕਾ ਹੈ। ਕੇਂਦਰ ਸਰਕਾਰ ਦੇ 12 ਸਾਲ ਪੂਰੇ ਹੋਣ ਦਾ ਇਹ ਮੌਕਾ ਸਿਰਫ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਲਈ ਨਹੀਂ, ਸਗੋਂ ਸਮਾਜ ਅਤੇ ਵਾਤਾਵਰਨ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਯਾਦ ਕਰਨ ਲਈ ਵੀ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਸੰਸਾਰ ਸਾਹਮਣੇ ਵੱਡੀਆਂ ਚੁਣੌਤੀਆਂ ਹਨ, ਜਿਨ੍ਹਾਂ ਨਾਲ ਨਜਿੱਠਣ ਲਈ ਪੌਦੇ ਲਗਾਉਣਾ ਸਭ ਤੋਂ ਸਰਲ ਉਪਾਅ ਹੈ। ਹਰ ਨਾਗਰਿਕ ਨੂੰ ਆਪਣੇ ਜੀਵਨ ਵਿੱਚ ਇੱਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪੌਦਿਆਂ ਦੇ ਪਾਲਕ ਬਣ ਕੇ ਉਨ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਨਿਭਾਉਣ। ਇਸ ਮੌਕੇ ਉਪ ਮੰਡਲ ਮੈਜਿਸਟਰੇਟ (ਐੱਸ ਡੀ ਐੱਮ) ਆਕਾਸ਼ ਸ਼ਰਮਾ ਨੇ ਦੱਸਿਆ ਕਿ ਇਸ ਮੌਕੇ ਇੱਕ ਵਿਸ਼ੇਸ਼ ਜਨ-ਕਲਿਆਣਕਾਰੀ ਅਭਿਆਨ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਖੇਤਰ ਵਿੱਚ ਤਿੰਨ ਦਿਨਾਂ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਨ੍ਹਾਂ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਕੇਂਦਰ ਅਤੇ ਰਾਜ ਸਰਕਾਰ ਦੀਆਂ ਵੱਖ-ਵੱਖ ਲੋਕ ਭਲਾਈ ਯੋਜਨਾਵਾਂ ਨਾਲ ਜੋੜਨਾ ਹੈ। ਜੇਕਰ ਕਿਸੇ ਵਿਅਕਤੀ ਦੀ ਕੋਈ ਸਰਕਾਰੀ ਸਹੂਲਤ ਜਾਂ ਪੈਨਸ਼ਨ ਬੰਦ ਹੋ ਗਈ ਹੈ ਤਾਂ ਉਹ ਕੈਂਪ ਵਿੱਚ ਪਹੁੰਚ ਕੇ ਉਸਨੂੰ ਮੁੜ ਚਾਲੂ ਕਰਵਾ ਸਕਦਾ ਹੈ। ਸਮਾਗਮ ਦੌਰਾਨ ਹਾਜ਼ਰ ਲੋਕਾਂ ਨੇ ਵਾਤਾਵਰਨ ਦੀ ਰੱਖਿਆ ਦਾ ਅਹਿਦ ਲਿਆ।

ਚਨੌਤ ਪਿੰਡ 'ਚ ਪਾਣੀ ਦੇ ਮੁੱਦੇ 'ਤੇ ਪੁਲੀਸ ਅਤੇ ਪਿੰਡ ਵਾਸੀਆਂ ਵਿਚਾਲੇ ਟਕਰਾਅ

ਹਿਸਾਰ, 25 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਭਾਖੜਾ ਲਾਈਨ ਤੋਂ ਪਾਣੀ ਦੇ ਕੁਨੈਕਸ਼ਨ ਦੀ ਮੰਗ ਨੂੰ ਲੈ ਕੇ ਹਿਸਾਰ ਦੇ ਚਨੌਤ ਪਿੰਡ ਵਿੱਚ ਚੱਲ ਰਿਹਾ ਵਿਵਾਦ ਬੀਤੀ ਰਾਤ ਉਸ ਵੇਲੇ ਹਿੰਸਕ ਰੂਪ ਧਾਰਨ ਕਰ ਗਿਆ, ਜਦੋਂ ਪਾਈਪਲਾਈਨ ਵਿੱਚ ਲਗਾਏ ਗਏ 'ਟੀ-ਜੁਆਇੰਟ' ਨੂੰ ਹਟਾਉਣ ਪਹੁੰਚੀ ਪੁਲੀਸ ਅਤੇ ਪ੍ਰਸ਼ਾਸਨਿਕ ਟੀਮ ਨ

ਏਮਜ਼ ਬਠਿੰਡਾ ਦਾ ਪੂਰਾ ਡਿਜੀਟਲ ਸਿਸਟਮ ਠੱਪ ! ਖੱਜਲ-ਖੁਆਰ ਹੁੰਦੇ ਰਹੇ ਹਜ਼ਾਰਾਂ ਮਰੀਜ਼

ਕੌਮੀ ਪਤ੍ਰਿਕਾ

ਬਠਿੰਡਾ 25 ਜੂਨ। ਪੰਜਾਬ ਦੇ ਸਭ ਤੋਂ ਵੱਡੇ ਸਰਕਾਰੀ ਸਿਹਤ ਸੰਸਥਾਨਾਂ ਵਿਚ ਸ਼ਾਮਲ ਏਮਜ਼ ਬਠਿੰਡਾ ਵਿਚ ਵੀਰਵਾਰ ਸਵੇਰੇ ਇਕ ਵੱਡੀ ਤਕਨੀਕੀ ਖਰਾਬੀ ਕਾਰਨ ਪੂਰਾ ਡਿਜੀਟਲ ਸਿਸਟਮ ਅਚਾਨਕ ਠੱਪ ਹੋ ਗਿਆ। ਸਰਵਰ ਬੰਦ ਹੋਣ ਕਾਰਨ ਓ.ਪੀ.ਡੀ. ਪਰਚੀਆਂ ਬਣਾਉਣ, ਮਰੀਜ਼ਾਂ ਦੀ ਰਜਿਸਟ?ਰੇਸ਼ਨ, ਵੱਖ-ਵੱਖ ਜਾਂਚਾਂ ਅਤੇ ਬਲੱਡ ਸੈਂਪਲ ਲੈਣ ਵਰਗੀਆਂ ਅਹਿਮ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ। ਇਸ ਕਾਰਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਗੁਆਂਢੀ ਸੂਬਿਆਂ ਤੋਂ ਇਲਾਜ ਲਈ ਪਹੁੰਚੇ ਹਜ਼ਾਰਾਂ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਅਨੁਸਾਰ ਬੁੱਧਵਾਰ ਦੇਰ ਰਾਤ ਯੂ.ਪੀ.ਐੱਸ. (ਅਨਇੰਟਰਪਟਡ ਪਾਵਰ ਸਪਲਾਈ) ਵਿਚ ਤਕਨੀਕੀ ਨੁਕਸ ਆ ਗਿਆ, ਜਿਸ ਕਾਰਨ ਸਰਵਰ ਨੂੰ ਮਿਲਣ ਵਾਲੀ ਬਿਜਲੀ ਸਪਲਾਈ ਪ੍ਰਭਾਵਿਤ ਹੋ ਗਈ। ਇਸ ਤੋਂ ਬਾਅਦ ਹਸਪਤਾਲ ਦਾ ਕੇਂਦਰੀ ਕੰਪਿਊਟਰ ਨੈੱਟਵਰਕ ਕੰਮ ਕਰਨਾ ਬੰਦ ਕਰ ਗਿਆ ਅਤੇ ਲਗਭਗ ਪੂਰਾ ਡਿਜ਼ੀਟਲ ਢਾਂਚਾ ਠੱਪ ਹੋ ਗਿਆ। ਵੀਰਵਾਰ ਸਵੇਰੇ ਜਦੋਂ ਮਰੀਜ਼ ਇਲਾਜ ਅਤੇ ਟੈਸਟਾਂ ਲਈ ਏਮਜ਼ ਪਹੁੰਚੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਕੰਪਿਊਟਰ ਸਿਸਟਮ ਬੰਦ ਹੋਣ ਕਾਰਨ ਪਰਚੀਆਂ ਨਹੀਂ ਬਣ ਰਹੀਆਂ। ਓ.ਪੀ.ਡੀ. ਦੇ ਬਾਹਰ ਲੰਬੀਆਂ ਕਤਾਰਾਂ ਲੱਗ ਗਈਆਂ ਅਤੇ ਲੋਕ ਘੰਟਿਆਂ ਆਪਣੀ ਵਾਰੀ ਦੀ ਉਡੀਕ ਕਰਦੇ ਰਹੇ। ਕਈ ਬਜ਼ੁਰਗ, ਔਰਤਾਂ ਅਤੇ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ ਇੱਧਰ-ਉੱਧਰ ਭਟਕਦੇ ਨਜ਼ਰ ਆਏ। ਸਭ ਤੋਂ ਵੱਧ ਮੁਸ਼ਕਲ ਉਨ੍ਹਾਂ ਮਰੀਜ਼ਾਂ ਨੂੰ

ਆਈ ਜੋ ਸਵੇਰੇ ਖਾਲੀ ਪੇਟ ਬਲੱਡ ਟੈਸਟ ਕਰਵਾਉਣ ਲਈ ਪਹੁੰਚੇ ਸਨ। ਬਲੱਡ ਸੈਂਪਲ ਲੈਣ ਦੀ ਪ੍ਰਕਿਰਿਆ ਪ੍ਰਭਾਵਿਤ ਹੋਣ ਕਾਰਨ ਉਨ੍ਹਾਂ ਨੂੰ ਕਈ ਘੰਟੇ ਭੁੱਖੇ-ਪਿਆਸੇ ਇੰਤਜ਼ਾਰ ਕਰਨਾ ਪਿਆ। ਇਸ ਦੌਰਾਨ ਕਈ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਹਸਪਤਾਲ ਵਿੱਚ ਪੈਦਾ ਹੋਈ ਅਵਿਵਸਥਾ 'ਤੇ ਨਾਰਾਜ਼ਗੀ ਵੀ ਜ਼ਾਹਰ ਕੀਤੀ। ਸੂਤਰਾਂ ਮੁਤਾਬਕ ਏਮਜ਼ ਬਠਿੰਡਾ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਕੇਂਦਰੀ ਸਰਵਰ ਪ੍ਰਭਾਵਿਤ ਹੋਣ ਕਾਰਨ ਲਗਭਗ ਪੂਰਾ ਡਿਜੀਟਲ ਸਿਸਟਮ ਹੀ ਠੱਪ ਹੋ ਗਿਆ। ਕਿਉਂਕਿ ਹਸਪਤਾਲ ਦੀਆਂ ਜ਼ਿਆਦਾਤਰ ਸੇਵਾਵਾਂ ਆਨਲਾਈਨ ਪ੍ਰਣਾਲੀ 'ਤੇ ਨਿਰਭਰ ਹਨ, ਇਸ ਲਈ ਇਕ ਤਕਨੀਕੀ ਖਰਾਬੀ ਨੇ ਪੂਰੇ ਕੰਮਕਾਜ ਨੂੰ ਪ੍ਰਭਾਵਿਤ ਕਰ ਦਿੱਤਾ। ਘਟਨਾ ਤੋਂ ਬਾਅਦ ਹਸਪਤਾਲ ਦੀਆਂ ਤਕਨੀਕੀ ਟੀਮਾਂ ਸਰਵਰ ਨੂੰ ਮੁੜ ਚਾਲੂ ਕਰਨ ਅਤੇ ਸਿਸਟਮ ਨੂੰ ਬਹਾਲ ਕਰਨ ਵਿਚ ਜੁੱਟੀਆਂ ਰਹੀਆਂ, ਪਰ ਕਈ ਘੰਟਿਆਂ ਤੱਕ ਸਥਿਤੀ ਆਮ ਨਹੀਂ ਹੋ ਸਕੀ। ਇਸ ਘਟਨਾ ਨੇ ਏਮਜ਼ ਦੀ ਬੈਕਅੱਪ ਵਿਵਸਥਾ ਅਤੇ ਐਮਰਜੈਂਸੀ ਪ੍ਰਬੰਧਾਂ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਦੇਸ਼ ਦੇ ਵੱਡੇ ਸਿਹਤ ਸੰਸਥਾਨਾਂ ਵਿੱਚ ਇਸ ਤਰ੍ਹਾਂ ਦੀਆਂ ਸਥਿਤੀਆਂ ਨਾਲ ਨਜਿੱਠਣ ਲਈ ਮਜ਼ਬੂਤ ਵਿਕਲਪਿਕ ਪ੍ਰਬੰਧ ਹੋਣੇ ਬਹੁਤ ਜ਼ਰੂਰੀ ਹਨ, ਤਾਂ ਜੋ ਤਕਨੀਕੀ ਖਰਾਬੀ ਦਾ ਖਮਿਆਜ਼ਾ ਮਰੀਜ਼ਾਂ ਨੂੰ ਨਾ ਭੁਗਤਣਾ ਪਵੇ। ਹੈਰਾਨੀ ਦੀ ਗੱਲ ਇਹ ਰਹੀ ਕਿ ਹਜ਼ਾਰਾਂ ਮਰੀਜ਼ਾਂ ਦੀਆਂ ਮੁਸ਼ਕਲਾਂ ਦੇ ਬਾਵਜੂਦ ਹਸਪਤਾਲ ਪ੍ਰਸ਼ਾਸਨ ਵੱਲੋਂ ਦੇਰ ਸ਼ਾਮ ਤੱਕ ਕੋਈ ਅਧਿਕਾਰਕ ਬਿਆਨ ਜਾਰੀ ਨਹੀਂ ਕੀਤਾ ਗਿਆ। ਅਧਿਕਾਰੀਆਂ ਨੇ ਵੀ ਇਸ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਲੇਹ ਵਿਖੇ ਡਿਊਟੀ ਦੌਰਾਨ ਪਿੰਡ ਬਿੰਦਰਖ ਦਾ ਸਰਬਜੀਤ ਸਿੰਘ ਸ਼ਹੀਦ, ਜਨਵਰੀ 'ਚ ਹੋਇਆ ਸੀ ਵਿਆਹ

?ਪੁਰਖਾਲੀ 25 ਜੂਨ। ਲੇਹ ਵਿਖੇ ਡਿਊਟੀ ਦੌਰਾਨ ਪੰਜਾਬ ਦੇ ਫ਼ੌਜੀ ਜਵਾਨ ਸਰਬਜੀਤ ਸਿੰਘ ਦੇ ਸ਼ਹੀਦ ਹੋਣ ਦੀ ਖ਼ਬਰ ਮਿਲੀ ਹੈ। ਮਾਤ ਭੂਮੀ ਦੀ ਰੱਖਿਆ ਕਰਦੇ ਪੰਜਾਬ ਆਰਮਡ ਰੈਜੀਮੈਂਟ ਦੇ ਜਵਾਨ ਸਰਬਜੀਤ ਸਿੰਘ ਦੇ ਲੇਹ (ਲੱਦਾਖ) ਵਿਖੇ ਸ਼ਹੀਦ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਪਿੰਡ ਬਿੰਦਰਖ ਦੇ ਰਹਿਣ ਵਾਲੇ ਨਾਇਕ ਸਰਬਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਲੇਹ ਦੇ ਉੱਚਾਈ ਵਾਲੇ ਖੇਤਰ 'ਚ ਤਾਇਨਾਤ ਸਨ, ਜਿੱਥੇ ਅਚਾਨਕ ਆਕਸੀਜਨ ਦੀ ਕਮੀ ਹੋਣ ਕਾਰਨ ਉਹ ਸ਼ਹੀਦ ਹੋ ਗਏ। ?ਇਸ ਮੰਦਭਾਗੀ ਖ਼ਬਰ ਨਾਲ ਪਿੰਡ ਬਿੰਦਰਖ ਅਤੇ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ ਹੈ। ਸ਼ਹੀਦ ਸਰਬਜੀਤ ਸਿੰਘ ਦਾ ਵਿਆਹ ਅਜੇ 25 ਜਨਵਰੀ 2026 ਨੂੰ ਹੀ ਹੋਇਆ ਸੀ।

ਰਾਜ਼ੀਨਾਮਾ ਕਰਨ ਆਏ ਪਤੀ-ਪਤਨੀ ਦੇ ਰਿਸ਼ਤੇਦਾਰਾਂ ਵਿਚਾਲੇ ਹੱਥੋਪਾਈ

ਲੁਧਿਆਣਾ 25 ਜੂਨ। ਥਾਣਾ ਸਲੇਮ ਟਾਬਰੀ ਵਿੱਚ ਪਤੀ-ਪਤਨੀ ਦੇ ਚੱਲ ਰਹੇ ਆਪਸੀ ਵਿਵਾਦ ਕਾਰਨ ਰਾਜ਼ੀਨਾਮਾ ਕਰਨ ਆਏ ਦੋਵਾਂ ਪੱਖਾਂ ਵਿੱਚ ਆਪਸੀ ਬਹਿਸਬਾਜ਼ੀ ਤੋਂ ਬਾਅਦ ਹੱਥੋਪਾਈ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮੌਕੇ 'ਤੇ ਦੋਵਾਂ ਪੱਖਾਂ ਦੇ ਲੋਕਾਂ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਥਾਣਾ ਸਲੇਮ ਟਾਬਰੀ ਵਿੱਚ ਪਿਛਲੇ ਕਈ ਦਿਨਾਂ ਤੋਂ ਪਤੀ-ਪਤਨੀ ਵਿੱਚ ਆਪਸੀ ਵਿਵਾਦ ਕਾਰਨ ਇੱਕ-ਦੂਜੇ ਖ਼?ਲਾਫ਼ ਸ਼ਿਕਾਇਤ ਦਰਜ ਕਰਵਾਈ ਗਈ ਹੈ। ਇਸ ਦੇ ਚਲਦਿਆਂ ਅੱਜ ਦੋਵਾਂ ਪੱਖਾਂ ਨੂੰ ਥਾਣੇ ਵਿੱਚ ਆਪਸੀ ਰਾਜ਼ੀਨਾਮੇ ਦੀ ਗੱਲ ਕਰਨ ਲਈ ਬੁਲਾਇਆ ਗਿਆ ਸੀ, ਪਰ ਥਾਣੇ ਦੇ ਅੰਦਰ ਆਉਣ ਤੋਂ ਪਹਿਲਾਂ ਹੀ ਦੋਵਾਂ ਪੱਖਾਂ ਦੇ ਲੋਕ ਥਾਣੇ ਦੇ ਬਾਹਰ ਖੜ੍ਹੇ ਹੋ ਕੇ ਆਪਸੀ ਗੱਲਬਾਤ ਕਰਨ ਲੱਗੇ। ਇਸ ਤੋਂ ਬਾਅਦ ਦੋਵਾਂ ਪੱਖਾਂ ਵੱਲੋਂ ਇੱਕ-ਦੂਜੇ ਉੱਪਰ ਸੰਗੀਨ ਦੋਸ਼ ਲਗਾਉਂਦਿਆਂ ਤਕਰਾਰਬਾਜ਼ੀ ਅਤੇ ਬਹਿਸਬਾਜ਼ੀ ਕੀਤੀ ਜਾਣ ਲੱਗੀ ਅਤੇ ਇਸ ਦੌਰਾਨ ਦੋਵਾਂ ਪੱਖਾਂ ਦੇ ਲੋਕਾਂ ਵੱਲੋਂ ਇੱਕ-ਦੂਜੇ ਨੂੰ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ ਗਿਆ। ਇੰਨਾ ਹੀ ਨਹੀਂ, ਦੋਵਾਂ ਪੱਖਾਂ ਨੇ ਇੱਕ-ਦੂਜੇ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਸ ਝਗੜੇ ਦੌਰਾਨ ਦੋਵਾਂ ਪੱਖਾਂ ਦੇ ਲੋਕਾਂ ਦੀ ਲੜਾਈ ਵਿੱਚ ਇੱਕ-ਦੂਜੇ ਦੇ ਕੱਪੜੇ ਵੀ ਪਾੜ ਦਿੱਤੇ ਗਏ। ਮੌਕੇ 'ਤੇ ਜਾਣਕਾਰੀ ਦਿੰਦਿਆਂ ਪੀੜਤ ਪੱਖ (ਪਤਨੀ) ਨੇ ਦੱਸਿਆ ਕਿ ਅੱਜ ਉਸ ਦੇ ਪਤੀ ਨਾਲ ਥਾਣੇ ਵਿੱਚ ਸਮਝੌਤੇ ਲਈ ਬੁਲਾਇਆ ਗਿਆ ਸੀ, ਪਰ ਉਸ ਦੇ ਪਤੀ ਵੱਲੋਂ ਥਾਣੇ ਦੇ ਬਾਹਰ ਹੀ ਉਸ ਦੇ ਰਿਸ਼ਤੇਦਾਰਾਂ ਅਤੇ ਉਸ ਦੀਆਂ ਭੈਣਾਂ ਲਈ ਗਲਤ ਭਾਸ਼ਾ ਦੀ ਵਰਤੋਂ ਕਰਦਿਆਂ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਤੋਂ ਬਾਅਦ ਉਸ ਦੇ ਪਤੀ ਨਾਲ ਆਏ ਲੋਕਾਂ ਅਤੇ ਉਸ ਦੇ ਪਤੀ ਵੱਲੋਂ ਉਨ੍ਹਾਂ ਦੇ ਲੋਕਾਂ ਨਾਲ ਕੁੱਟਮਾਰ ਕੀਤੀ ਗਈ ਅਤੇ ਉਨ੍ਹਾਂ ਦੇ ਕੱਪੜੇ ਤੱਕ ਪਾੜ ਦਿੱਤੇ ਗਏ। ਦੂਜੇ ਪਾਸੇ, ਪਤੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦੀ ਪਤਨੀ ਦਾ ਚਰਿੱਤਰ ਠੀਕ ਨਹੀਂ ਹੈ ਅਤੇ ਉਹ ਕਈ ਹੋਰ ਲੋਕਾਂ ਨਾਲ ਫ਼ੋਨ 'ਤੇ ਗੱਲਬਾਤ ਕਰਦੀ ਰਹਿੰਦੀ ਹੈ। ਪਤੀ ਨੇ ਦੱਸਿਆ ਕਿ ਜੇਕਰ ਪੁਲਸ ਵੱਲੋਂ ਉਸ ਦੀ ਪਤਨੀ ਦੇ ਮੋਬਾਈਲ ਫ਼ੋਨ ਦੀ ਜਾਂਚ ਕੀਤੀ ਜਾਵੇ ਤਾਂ ਸਾਰੀ ਸੱਚਾਈ ਦਾ ਪਤਾ ਲੱਗ ਸਕਦਾ ਹੈ। ਪਤੀ ਨੇ ਦੱਸਿਆ ਕਿ ਉਸ ਦੀ ਪਤਨੀ ਰਾਜ਼ੀਨਾਮੇ ਲਈ ਮੰਨ ਗਈ ਸੀ, ਪਰ ਉਸ ਦੀ ਪਤਨੀ ਦੀਆਂ ਭੈਣਾਂ ਜਾਣਬੁੱਝ ਕੇ ਉਸ ਦੇ ਘਰ ਵਿੱਚ ਦਖ਼ਲਅੰਦਾਜ਼ੀ ਕਰ ਰਹੀਆਂ ਹਨ, ਜਿਸ ਕਾਰਨ ਉਸ ਦਾ ਘਰ ਵੱਸ ਨਹੀਂ ਰਿਹਾ ਹੈ। ਜਦੋਂ ਉਕਤ ਮਾਮਲੇ ਬਾਰੇ ਥਾਣਾ ਸਲੇਮ ਟਾਬਰੀ ਦੇ ਥਾਣੇਦਾਰ ਰਾਜੇਸ਼ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪਤੀ-ਪਤਨੀ ਵੱਲੋਂ ਇੱਕ-ਦੂਜੇ ਖ਼?ਲਾਫ਼ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਹੈ ਅਤੇ ਅੱਜ ਦੋਵਾਂ ਪੱਖਾਂ ਨੂੰ ਆਪਸੀ ਗੱਲਬਾਤ ਕਰਨ ਲਈ ਥਾਣੇ ਬੁਲਾਇਆ ਗਿਆ ਸੀ। ਪਰ ਥਾਣੇ ਵਿੱਚ ਆਉਣ ਤੋਂ ਪਹਿਲਾਂ ਹੀ ਦੋਵਾਂ ਪੱਖਾਂ ਦੀ ਥਾਣੇ ਦੇ ਬਾਹਰ ਆਪਸੀ ਰੰਜਿਸ਼ ਕਾਰਨ ਬਹਿਸਬਾਜ਼ੀ ਹੋਣ ਲੱਗੀ, ਜਿਸ ਤੋਂ ਬਾਅਦ ਦੋਵੇਂ ਪੱਖ ਇੱਕ-ਦੂਜੇ ਨਾਲ ਕੁੱਟਮਾਰ ਕਰਨ ਲੱਗੇ। ਉਨ੍ਹਾਂ ਦੱਸਿਆ ਕਿ ਫ਼?ਲਹਾਲ ਪੁਲਸ ਵੱਲੋਂ ਉਕਤ ਮਾਮਲੇ ਸਬੰਧੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਿਵੇਂ ਦੀ ਸੂਰਤ ਹੋਵੇਗੀ, ਉਵੇਂ ਦੀ ਕਾਰਵਾਈ ਕੀਤੀ ਜਾਵੇਗੀ।

ਇਨ੍ਹਾਂ ਖ਼ਪਤਕਾਰਾਂ ਦੇ ਬਿਜਲੀ ਕੁਨੈਕਸ਼ਨਾਂ ਨੂੰ ਲੈ ਕੇ ਰਾਹਤ ਭਰੀ ਖ਼ਬਰ, ਪਾਵਰਕਾਮ ਨੇ ਸ਼ੁਰੂ ਕੀਤੀ ਕਾਰਵਾਈ

ਜ਼ੀਰਕਪੁਰ 25 ਜੂਨ। ਇੱਥੇ ਸੁਸ਼ਮਾ ਵਲੈਂਸੀਆ ਸੁਸਾਇਟੀ ਦੇ ਬਿਜਲੀ ਸੰਕਟ ਮਾਮਲੇ 'ਚ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਪਾਵਰਕਾਮ ਨੇ ਇਕ ਪਾਸੇ ਵਸਨੀਕਾਂ ਨੂੰ ਆਰਜ਼ੀ ਬਿਜਲੀ ਕੁਨੈਕਸ਼ਨ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਦੋਂ ਕਿ ਦੂਜੇ ਪਾਸੇ ਸੁਸਾਇਟੀ ਦੇ ਫ਼ਰਾਰ ਹੋ ਚੁੱਕੇ ਬਿਲਡਰ ਖ਼ਿਲਾਫ਼ ਵਿੱਤੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਪਾਵਰਕਾਮ ਨੇ ਗਮਾਡਾ ਸਮੇਤ ਸਬੰਧਿਤ ਵਿਭਾਗਾਂ ਨੂੰ ਪੱਤਰ ਲਿਖ ਕੇ ਬਿਲਡਰ ਵੱਲੋਂ ਜਮ?ਹਾਂ ਕਰਵਾਈਆਂ ਗਈਆਂ ਬੈਂਕ ਗਾਰੰਟੀਆਂ 'ਚੋਂ ਆਪਣੇ ਬਣਦੇ ਕਰੀਬ 4 ਕਰੋੜ 32 ਲੱਖ ਰੁਪਏ ਜਾਰੀ ਕਰਨ ਦੀ ਮੰਗ ਕੀਤੀ ਹੈ। ਬਿਜਲੀ ਕੁਨੈਕਸ਼ਨਾਂ ਦੇ ਮਾਮਲੇ 'ਚ ਹੋ ਰਹੀ ਦੇਰੀ ਤੋਂ ਨਾਰਾਜ਼ ਸੁਸ਼ਮਾ ਵਲੈਂਸੀਆ ਦੇ ਵਸਨੀਕਾਂ ਨੇ ਪਾਵਰਕਾਮ ਦੇ ਦਫ਼ਤਰ ਅੱਗੇ ਰੋਸ ਮੁਜ਼ਾਹਰਾ ਕੀਤਾ। ਵਸਨੀਕਾਂ ਨੇ ਮੰਗ ਕੀਤੀ ਕਿ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਤੁਰੰਤ ਆਰਜ਼ੀ ਬਿਜਲੀ ਕੁਨੈਕਸ਼ਨ ਜਾਰੀ ਕੀਤੇ ਜਾਣ। ਜਾਣਕਾਰੀ ਅਨੁਸਾਰ ਹਾਈਕੋਰਟ ਨੇ 5 ਜੂਨ ਨੂੰ ਜਾਰੀ ਆਪਣੇ ਹੁਕਮਾਂ 'ਚ ਪਾਵਰਕਾਮ ਨੂੰ ਸੁਸਾਇਟੀ ਦੇ ਯੋਗ ਖ਼ਪਤਕਾਰਾਂ ਨੂੰ ਆਰਜ਼ੀ ਬਿਜਲੀ ਕੁਨੈਕਸ਼ਨ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਪਾਵਰਕਾਮ ਨੂੰ 15 ਦਿਨਾਂ ਦੇ ਅੰਦਰ ਇਹ ਪ੍ਰਕਿਰਿਆ ਪੂਰੀ ਕਰਨ ਲਈ ਕਿਹਾ ਹੈ। ਹਾਈਕੋਰਟ ਦੇ ਹੁਕਮਾਂ ਦੇ ਅਗਲੇ ਹੀ ਦਿਨ 6 ਜੂਨ ਨੂੰ ਪਾਵਰਕਾਮ ਵੱਲੋਂ ਗਮਾਡਾ ਅਤੇ ਹੋਰ ਸਬੰਧਿਤ ਅਥਾਰਟੀਆਂ ਨੂੰ ਪੱਤਰ ਭੇਜੇ ਗਏ। ਪਾਵਰਕਾਮ ਨੇ ਕਿਹਾ ਹੈ ਕਿ ਸੁਸਾਇਟੀ ਦੇ ਬਿਲਡਰ ਵੱਲੋਂ ਵਿਭਾਗ ਦੇ ਕਰੀਬ 4.32 ਕਰੋੜ ਰੁਪਏ ਬਕਾਇਆ ਹਨ ਕਿਉਂਕਿ ਬਿਲਡਰ ਫ਼ਰਾਰ ਦੱਸਿਆ ਜਾ ਰਿਹਾ ਹੈ। ਇਸ ਲਈ ਵਿਭਾਗ ਨੇ ਵੱਖ-ਵੱਖ ਸਰਕਾਰੀ ਅਥਾਰਟੀਆਂ ਕੋਲ ਜਮ?ਹਾਂ ਕਰਵਾਈਆਂ ਗਈਆਂ ਉਸ ਦੀਆਂ ਬੈਂਕ ਗਾਰੰਟੀਆਂ 'ਚੋਂ ਆਪਣੀ ਬਣਦੀ ਰਕਮ ਜਾਰੀ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਪਾਵਰਕਾਮ ਸੁਪਰੀਟੈਂਡਿੰਗ ਇੰਜੀਨੀਅਰ ਅਮਨਦੀਪ ਸਿੰਘ ਗਿੱਲ ਨੇ ਦੱਸਿਆ ਕਿ ਵਿਭਾਗ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆਰਜ਼ੀ ਕੁਨੈਕਸ਼ਨ ਜਾਰੀ ਕਰਨ ਲਈ ਖ਼ਪਤਕਾਰਾਂ ਤੋਂ ਲੋੜੀਂਦੇ ਦਸਤਾਵੇਜ਼ ਮੰਗੇ ਜਾ ਰਹੇ ਹਨ। ਇਸ ਦੇ ਨਾਲ-ਨਾਲ ਖ਼ਪਤਕਾਰਾਂ ਤੋਂ ਇਹ ਜਾਣਕਾਰੀ ਵੀ ਲਈ ਜਾ ਰਹੀ ਹੈ ਕਿ ਉਨ੍ਹਾਂ ਨੂੰ ਕਿੰਨੇ ਬਿਜਲੀ ਲੋਡ ਦੀ ਲੋੜ ਹੈ। ਜਿਸ ਖ਼ਪਤਕਾਰ ਵੱਲੋਂ ਜਿੰਨੇ ਲੋਡ ਲਈ ਅਰਜ਼ੀ ਦਿੱਤੀ ਜਾਵੇਗੀ, ਉਸ ਨੂੰ ਉਸੇ ਅਨੁਸਾਰ ਕੁਨੈਕਸ਼ਨ ਜਾਰੀ ਕਰ ਦਿੱਤਾ ਜਾਵੇਗਾ।

ਯਾਤਰਾ ਦੌਰਾਨ ਉਮਾ ਭਾਰਤੀ ਦੀ ਵਿਗੜੀ ਸਿਹਤ, ਮੁੱਢਲੀ ਸਹਾਇਤਾ ਤੋਂ ਬਾਅਦ ਦਿੱਲੀ ਰਵਾਨਾ

ਮੁਜ਼ੱਫਰਨਗਰ 25 ਜੂਨ। ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੀਨੀਅਰ ਨੇਤਾ ਅਤੇ ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ ਦੀ ਹਰਿਦੁਆਰ ਤੋਂ ਦਿੱਲੀ ਜਾਂਦੇ ਸਮੇਂ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ ਵਿੱਚ ਅਚਾਨਕ ਸਿਹਤ ਖ਼ਰਾਬ ਹੋ ਗਈ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਮੁਜ਼ੱਫਰਨਗਰ ਦੇ ਮੁੱਖ ਮੈਡੀਕਲ ਅਫ਼ਸਰ ਡਾ. ਸੁਨੀਲ ਤੇਓਤੀਆ ਨੇ ਦੱਸਿਆ ਕਿ ਮੰਗਲਵਾਰ ਸ਼ਾਮ ਨੂੰ ਮਨਸੂਰਪੁਰ ਥਾਣਾ ਖੇਤਰ ਦੇ ਸਿੰਧਾਵਾਲੀ ਪਿੰਡ ਨੇੜੇ ਇੱਕ ਪੈਟਰੋਲ ਪੰਪ ਦੇ ਨੇੜੇ ਉਮਾ ਭਾਰਤੀ ਦੇ ਕਾਫਲੇ ਨੂੰ ਰੋਕ ਦਿੱਤਾ ਗਿਆ, ਜਦੋਂ ਉਨ੍ਹਾਂ ਨੇ ਸਿਹਤ ਸਮੱਸਿਆਵਾਂ ਦੀ ਸ਼ਿਕਾਇਤ ਕੀਤੀ। ਉਨ੍ਹਾਂ ਕਿਹਾ ਕਿ ਇਸ ਦੌਰਾਨ ਮੈਡੀਕਲ ਟੀਮ ਨੇ ਉਨ੍ਹਾਂ ਦੀ ਸਿਹਤ ਦੀ ਜਾਂਚ ਕੀਤੀ। ਜਾਂਚ ਦੌਰਾਨ ਪਾਇਆ ਗਿਆ ਕਿ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਜ਼ਿਆਦਾ ਸੀ ਅਤੇ ਉਨ੍ਹਾਂ ਦੀ ਲੱਤ ਸੁੱਜੀ ਹੋਈ ਸੀ। ਤੇਵਤੀਆ ਨੇ ਕਿਹਾ ਕਿ 67 ਸਾਲਾ ਉਮਾ ਭਾਰਤੀ ਨੂੰ ਮੌਕੇ 'ਤੇ ਹੀ ਮੁੱਢਲੀ ਸਹਾਇਤਾ ਅਤੇ ਜ਼ਰੂਰੀ ਡਾਕਟਰੀ ਦੇਖਭਾਲ ਪ੍ਰਦਾਨ ਕੀਤੀ ਗਈ, ਜਿਸ ਤੋਂ ਬਾਅਦ ਉਨ੍ਹਾਂ ਨੇ ਦਿੱਲੀ ਲਈ ਆਪਣੀ ਯਾਤਰਾ ਦੁਬਾਰਾ ਸ਼ੁਰੂ ਕਰ ਦਿੱਤੀ।

ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਕੀਤਾ ਭਾਜਪਾ ਦੇ ਆਧੁਨਿਕ ਦਫਤਰ ਦਾ ਉਦਘਾਟਨ

ਕੌਮੀ ਪਤ੍ਰਿਕਾ

ਲੁਧਿਆਣਾ 25